੧ ਓ ਸਤਿਗੁਰ ਪ੍ਰਸਾਦਿ ॥

"ਜਾ ਕਉ ਹਰਿ ਰੰਗ ਲਾਗੋ ਇਸ ਜਗ ਮਹਿ ਸੋ ਕਹੀਅਤ ਹੈ ਸੂਰਾ ॥"




# ਸ੍ਰੀ ਗੁਰੂ ਨਾਨਕ ਦੇਵ ਜੀ ਅੰਕ

---

## ਵਾਰ ਭਾਈ ਗੁਰਦਾਸ ਜੀ

ਨਿਹਚਲ ਨੀਉ ਧਰਾਈਓਨ ਸਾਧ ਸੰਗਤਿ ਸਚਖੰਡ ਸਮੇਉ[1] ॥
ਗੁਰਮੁਖਿ ਪੰਥੁ ਚਲਾਇਓਨੁ ਸੁਖ ਸਾਗਰੁ ਬੇਅੰਤੁ ਅਗੇਉ[2] ॥
ਸਚਿ ਸਬਦਿ ਅਰਾਧੀਐ, ਅਗਮ ਅਗੋਚਰੁ ਅਲਖ ਅਭੇਉ ॥
ਚਹੁ ਵਰਨਾ ਉਪਦੇਸਦਾ ਛਿਅ ਦਰਸਨ ਸਭਿ ਸੇਵਕ ਸੇਉ[3] ॥
ਮਿਠਾ ਬੋਲਣੁ ਨਿਵ ਚਲਨੁ ਗੁਰਮੁਖਿ ਭਾਉ ਭਗਤਿ ਅਰਥੇਉ[4] ॥
ਆਦਿ ਪੁਰਖੁ ਆਦੇਸੁ ਹੈ ਅਬਿਨਾਸਿ ਅਤੇ ਅਛਲ ਅਛੇਉ ॥
ਜਗਤੁ ਗੁਰੂ ਗੁਰੁ ਨਾਨਕ ਦੇਉ ॥

1. ਸਮਾ ਕੇ । 2. ਅਗਾਧ । 3. ਸੇਵਾ ਯੋਗ । 4. ਗ੍ਰਹਿਣ ਕਰਕੇ ।



www.AKJ.Org

# ਲੇਖ ਸੂਚੀ


| ਲੇਖ | ਲੇਖਕ | ਪੰਨਾ |
|---|---|---|
| ਗੁਰੂ ਨਾਨਕ ਨਿਰੰਕਾਰੀ | ਭਾ: ਸ: ਭਾ: ਰਣਧੀਤ ਸਿੰਘ ਜੀ | ੨ |
| ਗੁਰੂ ਨਾਨਕ—ਇਕ ਜਵਾਲਾ—ਇਕ ਸ਼ਕਤੀ | ਪ੍ਰੋ: ਸਤਿਬੀਰ ਸਿੰਘ ਜੀ ਐਮ. ਏ., ਡਾਇਰੈਕਟਰ ਗੁਰਮਤਿ ਕਾਲਜ, ਪਟਿਆਲਾ | ੪ |
| ਗੁਰੂ ਨਾਨਕ—ਰਚਨਾ ਤੇ ਵਿਗਿਆਨਕ ਖੋਜਾਂ | ਸ: ਵਧਾਵਾ ਸਿੰਘ | ੧੧ |
| ਬਾਝੁ ਗੁਰੂ ਡੁਬਾ ਸੰਸਾਰੁ (ਦੂਜੀ ਕਿਸ਼ਤ) | ਗਿਆਨੀ ਹਰਬੰਸ ਸਿੰਘ | ੧੭ |
| ਸ੍ਰੀ ਗੁਰੂ ਨਾਨਕ ਦੇਵ ਜੀ—ਮਨੁੱਖੀ ਪੱਧਰ ਤੋਂ | ਪ੍ਰੋ: ਗੁਰਮੁਖ ਸਿੰਘ ਜੀ, ਡਬਲ ਐਮ ਐਮ. ਏ. | ੨੧ |
| ਤਿਮਰ ਅਗਿਆਨ ਤੋਂ ਉਜਿਆਰਾ | ਗੁਰਪੁਰ ਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ | ੨੫ |
| ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਵਿਚਰੀ ਸੰਬੰਧੀ ਕੁਝ ਸੁਝਾਅ | ਇੰਦਰ ਸਿੰਘ ਗੁਲਾਟੀ, ਗੋਬਿੰਦ ਨਗਰ, ਅੰਬਾਲਾ ਛਾਉਣੀ | ੩੦ |
| ਕਤਿਕ | ਗਿਆਨੀ ਹਰਬੰਸ ਸਿੰਘ ਜੀ ਕਰਤਾ 'ਜਪੁ-ਨਿਰਣਯ' | ੩੪ |
| ਸਤਿਗੁਟ ਨਾਨਕ ਪ੍ਰਗਟਿਆ | ਪ੍ਰੋ: ਹਰਬੰਸ ਸਿੰਘ ਜੀ ਲੁਧਿਆਣਾ | ੩੭ |
| ਬਾਬੇ ਦਾ ਸੁਨੇਹਾ | ਭਾ: ਸਾ: ਗੁਰਚਰਨ ਸਿੰਘ ਜੀ ਐਮ. ਏ., (ਪੰਜਾਬੀ ਧਰਮ) | ੪੨ |
| ਜਗਤ ਗੁਰੂ, ਗੁਰੂ ਨਾਨਕ ਦੀ ਦੇਣ | ਪ੍ਰਿੰ: ਮਿਹਰ ਸਿੰਘ ਜੀ ਡੇਹਰਾਦੂਨ | ੪੫ |


---


ਸੇਵਕ ਪ੍ਰਿੰਟਿੰਗ ਪ੍ਰੈਸ, ਬਾਜ਼ਾਰ ਪੁਰਾਣੀ ਕੋਤਵਾਲੀ, ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ ਨੇਂ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305-L, ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ ।



www.AKJ.Org

ਐਡੀਟਰ
ਦਲਜੀਤ ਸਿੰਘ

# ਸੂਰਾ

ਸਾਲਾਨਾ ਚੰਦਾ
ਦੇਸ 6 ਰੁਪਏ
ਪ੍ਰਦੇਸ ਸਮੁੰਦਰੀ 15 ,,

## ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਗੁਰਮਤਿ ਮਾਸਕ ਪੱਤਰ

ਜਿਲਦ ੫] ੧ ਨਵੰਬਰ ੧੯੭੧ [ਅੰਕ ੧੦

### ਵਡਹੰਸ ਕੀ ਵਾਰ ਮ: ੪

ਤਿਸੁ ਗੁਰ ਕਉ ਹਉ ਵਾਰਿਆ ਜਿਨਿ ਹਰਿ ਕੀ ਹਰਿ ਕਥਾ ਸੁਣਾਈ ॥
ਤਿਸੁ ਗੁਰ ਕਉ ਸਦ ਬਲਿਹਾਰਣੈ ਜਿਨਿ ਹਰਿ ਸੇਵਾ ਬਣਤ ਬਨਾਈ ॥
ਸੋ ਸਤਿਗੁਰੁ ਪਿਆਰਾ ਮੇਰੈ ਨਾਲਿ ਹੈ ਜਿਥੈ ਕਿਥੈ ਮੈਨੋ ਲਏ ਛਡਾਈ ॥
ਤਿਸੁ ਗੁਰੁ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥
ਨਾਨਕੁ ਗੁਰ ਵਿਟਹੁ ਵਾਰਿਆ ਜਿਨਿ ਹਰਿ ਨਾਮੁ ਦੀਆ,
ਮੇਰੇ ਮਨ ਕੀ ਆਸ ਪੁਰਾਈ ॥

www.AKJ.Org

ਨਿਰੰਕਾਰੀ ਸਰੂਪਾ

# ਗੁਰੂ ਨਾਨਕ ਨਿਰੰਕਾਰੀ

## ਸ਼ਰਧਾਵਾਨ ਸਿੱਖਾਂ ਲਈ ਸਦਾ ਹਾਜ਼ਰ ਨਾਜ਼ਰ

(ਵਲੋਂ ਗੁਰਪੁਰ ਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ)

''ਸਤਿਗੁਰ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥''

ਗੁਰਵਾਕ ਅਨੁਸਾਰ ਕਲਾਧਾਰੀ ਗੁਰੂ ਨਾਨਕ ਸਾਹਿਬ ਜਿਹਾ ਕਿ ਨਿਰੰਕਾਰੀ ਦੇਹ ਧਾਰਨ ਦੇ ਸਮੇਂ ਸ਼ਰਧਾਵਾਨ ਗੁਰਸਿੱਖਾਂ ਪ੍ਰਤੀ ਸਦਾ ਹੀ ਹਾਜ਼ਰ ਨਾਜ਼ਰ ਸਨ, ਓਸੇ ਪ੍ਰਕਾਰ ਹੀ ਹੁਣ ਭੀ ਗੁਰੂ ਨਾਨਕ ਸਦਾ ਹੀ ਦ੍ਰਿਸ਼ਮਾਨ ਹਨ। ਪ੍ਰੰਤੂ ਉਨ੍ਹਾਂ ਗੁਰਸਿੱਖਾਂ ਲਈ ਦ੍ਰਿਸ਼ਮਾਨ ਹਨ, ਜੋ ਗੁਰੂ ਨਾਨਕ ਨਿਰੰਕਾਰੀ ਉੱਤੇ ਪੁਰਾਤਨ ਸਿੰਘਾਂ ਵਾਲੀ ਸ਼ਰਧਾ ਭਾਵਨੀ ਰੱਖਦੇ ਹਨ। ਭਾਈ ਗੁਰਦਾਸ ਜੀ ਦੇ ਮਹਾਂਵਾਕ ਅਨੁਸਾਰ ''ਥੰਮੇ ਕੋਇ ਨਾ ਸਾਧ ਬਿਨ, ਸਾਧ ਨ ਦਿਸੈ ਜਗ ਵਿਚ ਵਿਚ ਕੋਆ ॥'' ਕੇਵਲ ਗੁਰੂ ਨਾਨਕ ਸਾਹਿਬ ਸਾਰੇ ਜਗਤ ਨੂੰ ਉੱਧਾਰਨ ਉਭਾਰਨ ਦਾ ਥੰਮ ਹੋਏ ਹਨ। ਗੁਰੂ ਨਾਨਕ ਸਾਹਿਬ ਜੀ ਦੇ ਨਿਰੰਕਾਰੀ ਸਰੂਪ ਬਿਨਾ ਨਾ ਕੋਈ ਗੁਰੂ ਰੂਪ ਸਾਧ ਹੋਇਆ ਨਾ ਹੋਵੇਗਾ। ਸਤਿਗੁਰੂ ਨਾਨਕ ਦੇਵ ਜੀ ਸਚੇ ਸਤਿਗੁਰੂ ਹੋਏ ਹਨ, ਜੋ ਧੁਰੋਂ ਧੁਰ ਦਰਬਾਰੋਂ ਅਜ਼ਲੀ ਅਬਦੀ ਗੁਰੂ ਥਾਪੇ ਗਏ ਹਨ। ਸਚੇ ਸਤਿਗੁਰੂ ਦੀ ਪਦਵੀ ਕੇਵਲ ਗੁਰੂ ਨਾਨਕ ਨਿਰੰਕਾਰੀ ਜੀ ਨੂੰ ਹੀ ਪ੍ਰਾਪਤ ਹੈ।

''ਸਤਿਗੁਰ ਬਾਝਹੁ ਗੁਰ ਨਹੀ ਕੋਈ,
ਨਿਗੁਰੇ ਕਾ ਹੈ ਨਾਉਂ ਬੁਰਾ ॥''

ਦੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਨਾਨਕ ਸਚੇ ਸਤਿਗੁਰ ਬਾਝੋਂ ਨਾ ਕੋਈ ਗੁਰੂ ਹੋਇਆ ਹੈ ਨਾ ਕੋਈ ਹੋਵੇਗਾ। ਸਭ ਨਿਗੁਰੇ ਹੀ ਹਨ, ਐਵੇਂ ਆਪੋਂ ਹੀ ਗੁਰੂ ਬਣ ਬਹਿੰਦੇ ਹਨ। ਸਚੀ ਗੁਰੱਤਤਾ ਵਾਲੀ ਨੀਸਾਨੀ ਕਿਸੇ ਅੰਦਰਿ ਵੀ ਨਹੀਂ ਹੈ। ਭੂਤ ਭਵਿੱਖਤ ਦੇ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਏਸ ਮਹਾਂ ਵਾਕ ਅਨੁਸਾਰ :—

'ਘਰਿ ਘਰਿ ਹੋਇ ਬਹੇਂਗੇ ਰਾਮਾ ॥
ਤਿਨ ਤੇ ਸਰੇ ਨਾ ਕੋਊ ਕਾਮਾ ॥'

ਜਦੋਂ ਗੁਰੂ ਦਸਮੇਸ਼ ਜੀ ਦੇ ਪ੍ਰਤੱਖ ਹੋਂਦਿਆਂ ਡਿੰਭੀ ਗੁਰੂਆਂ ਦੀਆਂ 22 ਮੰਜੀਆਂ ਲਗ ਗਈਆਂ, ਤਾਂ ਗੁਰੂ ਸਾਹਿਬ ਨੇ ਸੋਚਿਆ ਕਿ ਕਾਲੇ ਬੋਲੇ ਆਵਨ ਵਾਲੇ ਕਲੀ ਕਾਲ ਸਮੇਂ ਅਜਿਹੇ ਡਿੰਭੀ ਗੁਰੂ ਆਪਣੇ ਆਪ ਨੂੰ ਗੁਰੂ ਸਦਾਣ ਵਾਲੇ ਅਨੇਕਾਂ ਹੀ ਹੋ ਬੈਠਣਗੇ, ਪ੍ਰੰਤੂ ਤਿਨ੍ਹਾਂ ਤੋਂ ਸੱਚੀ ਗੁਰੱਤਤਾ ਵਾਲਾ ਕੋਈ ਕਾਜ ਸਰੇ ਸੰਵਰੇਗਾ ਨਹੀਂ। ਤਾਂ ਸਮਰੱਥ ਸਤਿਗੁਰੂ ਦਸਮੇਸ਼ ਜੀ ਨੇ ਹਮੇਸ਼ਾਂ ਲਈ ਇਹ ਧੁਰਵਾ ਬੰਨ੍ਹ ਦਿੱਤਾ ਕਿ 'ਆਦਿ ਅੰਤ ਏਕੋ ਅਵਤਾਰਾ' ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਤਾਬਿਆ ਪੰਜਾਂ ਪਿਆਰਿਆਂ ਅੰਦਰਿ ਹੀ ਗੁਰੂ ਅਕਾਲ ਪੁਰਖ ਵਾਹਿਗੁਰੂ ਦੇ ਸਰੂਪ ਵਾਲੀ ਸਚੀ ਕਲਾ ਵਰਤੇਗੀ। ਏਸ ਗੱਲ ਨੂੰ ਹੀ ਜਾਂਚ ਕੇ ਸ੍ਰੀ ਗੁਰੂ ਕਲਗੀਧਰ ਜੀ ਨੇ ਦੇਹਧਾਰੀ ਗੁਰੂਆਂ ਵਾਲਾ ਸਿਲਸਿਲਾ ਹੀ ਖਤਮ ਕਰ ਦਿੱਤਾ। ਪੰਜਾਂ ਪਿਆਰਿਆਂ ਵਿਚੋਂ ਕੋਈ ਇਕੱਲਾ ਪਿਆਰਾ ਆਪਣੇ ਆਪ ਨੂੰ ਗੁਰੂ ਦੀ ਪਦਵੀ ਨਹੀਂ ਦੇ ਸਕਦਾ। ਪੰਜਾਂ ਪਿਆਰਿਆਂ ਦੀ ਸੰਮਿਲਤ ਸਚੀ ਪ੍ਰਮਾਰਥੀ ਕਲਾ ਕੌਸ਼ਲ ਅੰਦਰਿ ਹੀ ਸਚੜੀ ਗੁਰੱਤਤਾ ਵਾਲੀ ਸਚੀ ਕਲਾ ਵਰਤੇਗੀ ਅਤੇ ਅਜ਼ਲ ਅੱਬਦੀ ਤਾਈਂ ਵਰਤਦੀ ਰਹੇਗੀ। ਦਸਾਂ ਪਾਤਸ਼ਾਹੀਆਂ ਪਿਛੋਂ ਦੇਹ ਧਾਰੀ ਗੁਰੂਆਂ ਦੀ ਸਦਾਵਨ ਵਾਲੀ ਗੁਰੂ ਡੰਮ੍ਹ ਸਮਾਪਤ ਹੋ ਗਈ। ਸਤਿਗੁਰੂ ਨਾਨਕ ਨਿਰੰਕਾਰੀ ਬਾਝੋਂ ਸਭ ਨਿਗੁਰੇ ਨਿਗੁਸਾਏ ਡਿੰਭੀ ਗੁਰੂ ਹਨ। ਸਚੇ ਸਤਿਗੁਰੂ ਦੀ ਪਹਿਲੀ ਸਚੀ ਨੀਸਾਨੀ ਇਹ ਹੈ ਕਿ ਓਹ ਧੁਰੋਂ ਧੁਰ ਦਰਬਾਰੋਂ ਬਖਸ਼ੇ ਹੋਏ ਨਾਮ-ਸੰਪੰਨ ਹੋਣਗੇ, ਹੋਰ ਸਭ ਨਾਮ ਹੀਣੇ ਮੀਣੇ ਡਿੰਭੀ ਗੁਰੂ ਹੀ



www.AKJ.Org

ਹਨ । ਨਾਮ ਦੀ ਪ੍ਰਾਪਤੀ ਬਿਨਾਂ ਹੀ ਗੁਰੂ ਬਣ ਬਹਿੰਦੇ ਹਨ । ਇਹ ਨਾਮ ਸਚੜਾ ਨਾਮ ਨਾ ਗੁਰੂ ਨਾਨਕ ਬਾਝੋਂ ਕਿਸੇ ਨੂੰ ਪ੍ਰਾਪਤ ਹੋਇਆ ਹੈ ਨਾ ਪ੍ਰਾਪਤ ਹੋਵੇਗਾ ।

ਗੁਰੂ ਨਾਨਕ ਨਿਰੰਕਾਰੀ ਸਦਾ ਹੀ ਹਾਜ਼ਰ ਨਾਜ਼ਰ ਸ਼ਰਧਾ ਵਾਲੇ ਗੁਰਸਿੱਖਾਂ ਦੇ ਅੰਗ ਸੰਗ ਹਨ । ਮਤ ਜਾਣੋ ਕਿ ਨਿਰੰਕਾਰੀ ਦੇਹ ਧਾਰਨ ਸਮੇਂ ਹੀ ਗੁਰੂ ਨਾਨਕ ਸਾਹਿਬ ਗੁਰਸਿੱਖਾਂ ਨੂੰ ਦਰਸ ਦਿਖਾਵਣ ਹਾਰੇ ਸਨ, ਹੁਣ ਭੀ ਉਸੇ ਪ੍ਰਕਾਰ ਹੀ ਹਨ । ਕਿਤੇ ਗਏ ਨਹੀਂ, ਹਰ ਥਾਂ ਸਰਬ ਵਿਆਪਕ ਹਨ । ਗੁਰੂ ਨਾਨਕ ਨਿਰੰਕਾਰੀ ਨੂੰ ਆਵਣ ਜਾਣ ਵਾਲੇ ਚੁਰਾਸੀ ਦੇ ਗੇੜ ਵਾਲੇ ਗੁਰੂ ਸਮਝਣਾ ਅਲਪਗ ਬੁੱਧੀ ਵਾਲੇ ਸਿੱਖਾਂ ਦਾ ਕੰਮ ਹੈ । ਸਰਬੱਗਤਾ ਦੀ ਪਹੁੰਚ ਨੂੰ ਪਹੁੰਚੇ ਹੋਏ ਗੁਰੂ ਦੇ ਬਖ਼ਸ਼ੇ ਹੋਏ ਲਾਲ ਹੁਣ ਭੀ ਹਰ ਦਮ ਗੁਰੂ ਨਾਨਕ ਨਿਰੰਕਾਰੀ ਨੂੰ ਨਿਕਟਵਰਤੀ ਤੇ ਸਰਬ ਵਿਆਪੀ ਹੀ ਸਮਝਦੇ ਹਨ । ਤਿੰਨ੍ਹਾਂ ਬਖਸ਼ੇ ਹੋਏ ਗੁਰੂ ਕੇ ਲਾਲ ਗੁਰਸਿੱਖਾਂ ਨੂੰ ਹੁਣ ਭੀ ਗੁਰੂ ਨਾਨਕ ਨਿਰੰਕਾਰੀ ਓਸੇ ਪ੍ਰਕਾਰ ਹੀ ਦਰਸ਼ਨ ਦੀਦਾਰ ਦਿਖਾਉਂਦੇ ਹਨ ਅਤੇ ਹਰ ਦਮ ਦਿਖਾਉਂਦੇ ਰਹਿੰਦੇ ਹਨ, ਜਿਸ ਪ੍ਰਕਾਰ ਕਿ ਅਗੇ ਭੀ ਦਿਖਾਉਂਦੇ ਰਹਿੰਦੇ ਸਨ । ਗੁਰੂ ਨਾਨਕ ਸਾਹਿਬ ਜੀ ਨਿਰੰਕਾਰ ਦਾ ਸਰੂਪ ਹੁੰਦੇ ਹੋਏ ਸਦਾ ਹੀ ਅਬਿਨਾਸ਼ੀ ਪੁਰਖ ਹਨ । ਉਹ ਆਵਣ ਜਾਣ ਅੰਦਰਿ ਹੈ ਹੀ ਨਹੀਂ ।

ਸੱਚਾ ਸਾਧ ਗੁਰੂ ਨਾਨਕ ਬਾਝੋਂ ਹੋਰ ਕੋਈ ਭੀ ਆਪਣੇ ਆਪ ਨੂੰ ਨਹੀਂ ਕਹਾ ਸਕਦਾ । ਇਹ ਸੱਚਾ ਮਰਤਬਾ ਸੱਚੀ ਗੁਰੱਤਤਾ ਵਾਲਾ ਕੇਵਲ ਗੁਰੂ ਨਾਨਕ ਨਿਰੰਕਾਰੀ ਨੂੰ ਹੀ ਧੁਰ ਦਰਗਾਹੋਂ ਅਰਪਨ ਹੋਇਆ ਹੈ । ਥਾਉਂ ਥਾਈਂ ਨਾਮ ਹੀਣੇ ਮੀਣੇ ਗੁਰੂ ਜੋ ਬਣ ੨ ਬਹਿੰਦੇ ਹਨ, ਉਹ ਸੱਚੀ ਗੁਰੱਤਤਾ ਦੀ ਕਲਾ ਤੋਂ ਬਿਲਕੁਲ ਖਾਲੀ ਹਨ । ਗੁਰੂ ਨਾਨਕ ਨਿਰੰਕਾਰੀ ਸੱਚੇ ਧੁਰ ਦਰਬਾਰੀ ਗੁਰੂ ਹਨ । ਹੋਰ ਕੁੜਾਵੇ ਗੁਰੂ ਚਾਹੇ ਕਿਤਨੇ ਹੀ ਦੁਨਿਆਵੀ ਅਡੰਬਰ ਸਾਜੀ ਫਿਰਨ, ਗੁਰੂ ਨਾਨਕ ਸਾਹਿਬ ਦੀ ਸਦਰਸ਼ਤਾ ਨੂੰ ਪ੍ਰਾਪਤ ਨਹੀਂ ਹੋ ਸਕਦੇ । ਦੁਨਿਆਵੀ ਮਨੋਰਥਾਂ ਨੂੰ ਪੂਰਨ ਕਰਨਹਾਰੇ ਮਨੁੱਸ਼ ਐਵੇਂ ਅਤੇ ਨਿਸਫਲ ਹੀ ਵਡ ਅਡੰਬਰੀ ਇਨ੍ਹਾਂ ਆਪੋਂ ਬਣ ਬੈਠੇ ਡਿੰਭੀ ਗੁਰੂਆਂ ਨੂੰ ਗੁਰੂ ਮੰਨੀ ਬੈਠੇ ਹਨ । ਹਾਲਾਂਕਿ ਇਨ੍ਹਾਂ ਅੰਦਰ ਰੰਚਕ ਮਾਤਰ ਭੀ ਸੱਚੀ ਗੁਰੱਤਤਾ ਵਾਲੀ ਕਲਾ ਨਹੀਂ । ਅਜਿਹੇ ਅਡੰਬਰੀ ਮੀਣੇ ਨਾਮ ਹੀਣੇ ਡਿੰਭੀ ਗੁਰੂ ਅੰਤ ਨੂੰ ਪਛਤਾਣਗੇ ਅਤੇ ਮੂੰਹੋਂ ਮੂੰਹ ਚੋਟਾਂ ਖਾਣਗੇ । ਇਨ੍ਹਾਂ ਨੂੰ ਅਗੇ ਜਾ ਕੇ ਸੱਚੀ ਦਰਗਾਹੇ ਮੁਦਗਰਾਂ ਦੀ ਮਾਰ ਪਵੇਗੀ, ਫਿਰ ਇਹ ਬਿਲਲਾਵਣਗੇ ਤੇ ਚੀਖਣਗੇ ਪਰ ਇਨ੍ਹਾਂ ਦੀ ਚੀਖ ਪੁਕਾਰ ਸੁਣਨ ਵਾਲਾ ਕੋਈ ਨਹੀਂ ਹੋਵੇਗਾ । ਜਿਨ੍ਹਾਂ ਪੁਰਸ਼ਾਂ ਉਤੇ ਇਹ ਲੋਗ ਡਿੰਭ ਗੁਰੂ ਬਨਾਣ ਦਾ ਡਿੰਭ ਧਾਰੀ ਫਿਰਦੇ ਹਨ, ਓਹੀ ਪੁਰਸ਼ ਪਲਟੇ ਵਜੋਂ ਇਨ੍ਹਾਂ ਨੂੰ ਮੁਦਗਰਾਂ ਦੀ ਮਾਰ ਮਾਰਨਗੇ । ਪ੍ਰੰਤੂ ਡਿੰਭੀ ਗੁਰੂ ਬਨਣ ਦਾ ਚਸਕਾ ਇਤਨਾ ਪ੍ਰਬਲ ਹੈ ਕਿ ਬਿਨਾਂ ਗੁਰੱਤਤਾ ਵਾਲੀ ਕਲਾ ਦੇ ਹੋਂਦਿਆਂ ਵੀ ਇਹ ਡਿੰਭੀ ਪੁਰਸ਼ ਗੁਰੂ ਨਾਨਕ ਸਾਹਿਬ ਦੀ ਹਮਸਰੀ ਕਰਦੇ ਹਨ । ਸਰਬ ਕਲਾ ਸਮਰੱਥ ਗੁਰੂ ਨਾਨਕ ਨਿਰੰਕਾਰੀ ਹੀ ਕੇਵਲ ਐਸਾ ਸਮਰੱਥ ਗੁਰੂ ਹੈ, ਜੋ ਜਹਾਂ ਤਹਾਂ ਹਰ ਸਮੇਂ ਹਰ ਜਗ੍ਹਾ ਜ਼ਹੂਰ ਪਜ਼ੀਰ ਹੈ ਅਤੇ ਆਪਣੇ ਉੱਪਰ ਸ਼ਰਧਾ ਰੱਖਣ ਕਰਨ ਵਾਲੇ ਗੁਰਸਿਖਾਂ ਦੀ ਹਰ ਬਾਬ ਰਖਿਆ ਕਰਦਾ ਹੈ ਅਤੇ ਹਰ ਪ੍ਰਕਾਰ ਦੀ ਅਪਦਾ ਤੋਂ ਛੁਡਾਇ ਲੈਂਦਾ ਹੈ । ਉਹ ਲੋਕ ਬੜੇ ਹੀ ਭੁਲੇਖੇ ਵਿਚ ਹਨ ਜੋ ਗੁਰੂ ਨਾਨਕ ਸਾਹਿਬ ਨੂੰ ਦੂਰ ਜਾਣਦੇ ਹਨ ਅਤੇ ਹਾਜ਼ਰ ਹਜ਼ੂਰ ਨਹੀਂ ਮੰਨਦੇ । ਉਹ ਸਮਝਦੇ ਹਨ ਕਿ ਡਿੰਭਤਾ ਵਾਲੀ ਦੇਹ ਧਾਰਨ ਵਿਚ ਹੀ ਫ਼ਰਜ਼ੀ ਗੁਰੱਤਤਾ ਹੈ । ਇਹ ਤਿੰਨਾਂ ਦੀ ਸਮਝ ਨਹੀਂ ਕੁਸਮਝ ਹੈ, ਜਿਸਦਾ ਪਾਜ ਅੰਤ ਕਾਲ ਉਘੜ ਜਾਣਾ ਹੈ ਅਤੇ ਉਘੜ ਕੇ ਰਹੇਗਾ ।

"ਇਕਾ ਬਾਣੀ ਇਕ ਗੁਰ ॥
ਇਕੋ ਸਬਦੁ ਵੀਚਾਰਿ ॥"

ਵਾਲੇ ਗੁਰ ਵਾਕ ਦੇ ਭਾਵ ਅਨੁਸਾਰ ਇਕ ਸਮੇਂ ਅੰਦਰਿ ਇਕੋ ਹੀ ਗੁਰੂ ਹੋ ਸਕਦਾ ਹੈ; ਉਹ ਵੀ ਓਹ ਗੁਰੂ ਜਿਸ ਨੂੰ ਧੁਰ ਦਰਗਾਹੋਂ ਸਬਦ ਵੀਚਾਰੀ ਦੇ ਅਭਿਆਸ ਦੀ ਸਚੀ ਦਾਤਿ ਮਿਲੀ ਹੋਵੇ । ਜਦੋਂ ਦੇਖੀਦਾ ਹੈ ਕਿ ਥਾਉਂ ਥਾਈਂ ਅਨੇਕਾਂ ਹੀ ਡਿੰਭੀ ਗੁਰੂਆਂ ਦੀ ਭਰਮਾਰ ਮਚੀ ਹੋਈ ਹੈ ਤਾਂ ਉਪਰਲੇ ਗੁਰਵਾਕ ਦੀ ਰੋਸ਼ਨੀ ਅੰਦਰ ਇਹ ਹੀ ਸੱਚੀ ਵੀਚਾਰ ਸਫੁਰਨ ਹੁੰਦੀ ਹੈ ਕਿ ਇਹ ਭਰਮਾਰ ਸਭ ਝੂਠੀ ਭਰਮਾਰ ਹੈ । ਗੁਰਬਾਣੀ ਅਨੁਸਾਰ ਸੱਚੀ ਗੁਰਮਤਿ ਇਹੋ ਦਸਦੀ ਹੈ ਕਿ ਇਕੋ ਗੁਰੂ ਧੁਰੋਂ ਬਖਸ਼ਿਆ ਹੋਇਆ ਗੁਰੂ ਹੀ ਸੱਚਾ ਗੁਰੂ ਬਣ ਸਕਦਾ ਹੈ । ਇਹ ਸੱਚੇ ਗੁਰੂ ਦੀ ਇਲਾਹੀ ਦਾਤਿ ਸਦ ਸਦੀਵ ਲਈ ਗੁਰੂ ਨਾਨਕ ਨਿਰੰਕਾਰੀ ਨੂੰ ਹੀ ਧੁਰ ਦਰਗਾਹੋਂ ਨਸੀਬ ਹੋਈ । ਹੋਰ ਕਿਸੇ ਵੀ ਵਡ-ਅਡੰਬਰੀ ਡਿੰਭੀ ਨੂੰ ਨਸੀਬ ਨਹੀਂ ਹੋ ਸਕਦੀ । ਇਕ ਤੋਂ ਅਨੇਕ ਡਿੰਭੀ ਗੁਰੂ ਸਦਾਵਣ ਵਾਲੇ ਸਭ ਝੂਠੇ ਅਤੇ ਅਡੰਬਰੀ ਹੀ ਹਨ । ਇਨ੍ਹਾਂ ਅਨੇਕ ਅਡੰਬਰ ਸਾਜ਼ੀ ਡਿੰਭੀਆਂ ਵਿਚੋਂ ਕਿਸ ਕਿਸ ਨੂੰ ਗੁਰੂ ਸਮਝਿਆ ਜਾਏ । ਕਈ ਤਾਂ ਅਜਿਹੇ ਅਡੰਬਰੀ ਭੀ ਹਨ, ਜੋ ਸਤਿਗੁਰੂ ਦੀ ਰੀਸੇ ਕਚ ਪਿਚ ਬੋਲ ਕੇ ਬਾਹਰਲੀ ਕੱਚੀ ਬਾਣੀ ਬਣਾਉਣ ਦਾ ਢਕੌਂਸਲਾ ਭੀ ਰਚਦੇ ਹਨ । ਪਰ ਏਸ ਗੁਰਵਾਕ ਅਨੁਸਾਰ ਉਨ੍ਹਾਂ ਦਾ ਢਕੌਂਸਲਾ ਸਿਰੇ ਨਹੀਂ ਚੜ੍ਹਦਾ ।

"ਜੋ ਸਤਿਗੁਰ ਕੀ ਰੀਸੈ ਕਚ ਪਿਚ ਬੋਲਦੇ,
ਸੋ ਕੂੜਿਆਰ ਕੂੜੇ ਝੜ ਪੜੀਐ ॥"



www.AKJ.Org

# ਗੁਰੂ ਨਾਨਕ–ਇਕ ਜਵਾਲਾ–ਇਕ ਸ਼ਕਤੀ

[ਪ੍ਰੋਫੈਸਰ ਸਤਿਬੀਰ ਸਿੰਘ ਜੀ ਐਮ. ਏ., ਡਾਇਰੈਕਟਰ ਗੁਰਮਤਿ ਕਾਲਜ, ਪਟਿਆਲਾ]

ਗੁਰੂ ਨਾਨਕ ਦੇਵ ਜੀ ਦੀ ਪੂਜ ਮਾਤਾ ਦਾ ਨਾਮ ਤ੍ਰਿਪਤਾ ਸੀ। ਮਾਤਾ ਤ੍ਰਿਪਤਾ ਜੀ ਦਾ ਪੇਕਾ ਪਿੰਡ ਚਾਹਲ ਲਾਹੌਰ ਲਾਗੇ ਸੀ। ਚਾਹਲ ਵਿਖੇ ਹੀ ਮਹਿਤਾ ਕਾਲੂ ਜੀ ਦੀ ਪਹਿਲੀ ਸੰਤਾਨ ਦਾ ਜਨਮ 1464 ਈ: ਨੂੰ ਹੋਇਆ ਸੀ। ਨਾਨਕੇ ਪਿੰਡ ਜਨਮ ਹੋਣ ਕਾਰਨ ਉਸ ਨਵ-ਜਨਮੀ ਬੱਚੀ ਦਾ ਨਾਮ ਵੀ 'ਨਾਨਕੀ' ਪੈ ਗਿਆ। ਜਦ ਪੰਜ ਸਾਲ ਪਿਛੋਂ ਮਹਿਤਾ ਕਾਲੂ ਜੀ ਦੇ ਘਰ ਇਕ ਅਲੌਕਿਕ ਬਾਲਕ ਨੇ ਜਨਮ ਲਿਆ ਤਾਂ ਪਿਆਰ ਨਾਲ ਸਾਰੇ ਪਰਵਾਰ ਵਾਲੇ 'ਨਾਨਕੀ ਦਾ ਨਾਨਕ' ਕਹਿਣ ਲਗ ਪਏ। ਸੁਭਾਵਕ ਭੈਣ-ਭਰਾ ਦਾ ਅਥਾਹ ਪਿਆਰ ਹੋਣ ਕਰਕੇ ਉਹਦਾ ਨਾਂ ਹੀ 'ਨਾਨਕ' ਪੈ ਗਿਆ।

'ਨਾਨਕ' ਸ਼ਬਦ ਦੇ ਕਈ ਅਰਥ, ਆਪਣੀ ਆਪਣੀ ਸੂਝ ਮੁਤਾਬਿਕ ਕਈ ਸਿਆਣਿਆਂ ਵਿਦਵਾਨਾਂ ਨੇ ਕੀਤੇ ਹਨ। ਜਿਵੇਂ ਇਕ ਪ੍ਰਸਿੱਧ ਈਸਾਈ ਪਰਚਾਰਕ ਨੇ ਕਿਹਾ ਹੈ ਕਿ 'ਨਾਨਕ' ਨਾਂ ਦਾ ਕੋਈ ਸ਼ਬਦ ਕਿਸੇ ਵੀ ਹਿੰਦਵੀ ਜਾਂ ਅਰਬੀ ਕੋਸ਼ ਵਿਚ ਨਹੀਂ ਮਿਲਦਾ। ਇਹ ਰੋਮਨ ਸ਼ਬਦ ਹੈ ਤੇ 'ਨਨਸ਼ਿਓ' ਤੋਂ ਵਿਗੜ ਕੇ 'ਨਾਨਕ' ਬਣਿਆ ਹੈ ਜਿਸਦੇ ਅਰਥ ਹਨ, ਵੱਡਾ ਪਾਦਰੀ। ਭਾਈ ਨੰਦ ਲਾਲ ਜੀ ਫਰਮਾਉਂਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿਤਰ ਨਾਮ ਵਿਚ ਦੋ ਨੂੰਨ (ਨ) ਆਉਂਦੇ ਹਨ: ਪਹਿਲਾਂ 'ਨ' ਉਹਨਾਂ ਨੂੰ ਨਈਮ, (ਨਿਆਮਤਾਂ ਦੇਣ ਵਾਲਾ) ਪਰਗਟ ਕਰਦਾ ਹੈ। ਦੂਜਾ 'ਨ' ਨਸੀਰ ਅਰਥਾਤ ਮਦਦਗਾਰ ਜਾਂ ਸਹਾਇਕ ਲਈ ਆਇਆ ਹੈ। ਵਿਚਕਾਰਲਾ ਅਲਫ (ਾ) ਉਨ੍ਹਾਂ ਨੂੰ ਅਨਹਦ ਬਿਆਨ ਕਰਦਾ ਹੈ। ਆਖਰੀ ਕਾਫ (ਕ) ਗੁਰੂ ਨਾਨਕ ਨੂੰ ਕਬੀਰ ਭਾਵ ਸਭ ਤੋਂ ਵੱਡਾ ਦਰਸਾਉਂਦਾ ਹੈ:—

"ਹਰ ਦੋ ਨੂਨਿ ਨਾਮ ਪਾਕਸ਼ ਨਈਮੋ ਨਸੀਰ।
ਵ ਅਲਫਿ ਮਿਆਨਾ ਅਹਦੋ ਕਾਫ ਆਖਰੀ ਰਾ
ਕਬੀਰ।"

ਸਾਧੂ ਟੀ. ਐਲ. ਵਾਸਵਾਨੀ ਨੇ ਆਪਣੀ ਪੁਸਤਕ 'ਪ੍ਰਾਫੈਟ ਔਫ ਦੀ ਪੀਊਪਲ' ਵਿਚ 'ਨਾਨਕ' ਸ਼ਬਦ ਨੂੰ ਚੀਨੀ ਭਾਸ਼ਾ ਦਾ ਸ਼ਬਦ ਕਿਹਾ ਹੈ। ਚੀਨੀ ਵਿਚ 'ਨਾਨਕ' ਨੂੰ ਅੱਗ, ਜਵਾਲਾ ਜਾਂ ਸ਼ਕਤੀ ਕਹਿੰਦੇ ਹਨ।

ਗੁਰੂ ਨਾਨਕ ਦੇਵ ਜੀ ਦੇ ਜੀਵਨ ਦਾ ਅਧਿਐਨ ਕੀਤਿਆਂ, ਇਹ ਅਰਥ ਨ ਸਿਰਫ ਯੋਗ ਹੀ ਲਗਣਗੇ ਸਗੋਂ ਭਾਵ-ਪੂਰਤ ਵੀ। ਗੁਰੂ ਨਾਨਕ ਸੱਚਮੁੱਚ ਇਕ ਐਸੀ ਜਵਾਲਾ ਸੀ ਜਿਸ ਨੇ ਭਰਮ ਤੇ ਵਹਿਮ ਦੀਆਂ ਅਟਾਰੀਆਂ ਸਾੜ ਫੂਕੀਆਂ ਸਨ। ਇਕ ਭਾਂਬੜ ਹੀ ਸੀ ਉਸਦੀ ਤੱਕਣੀ ਜਿਸ ਨੇ ਸਦੀਆਂ ਦੇ ਪੱਕੇ ਵਹਿਮ ਮਹੱਲ ਗਿਰਾ ਢੇਰ ਕਰ ਦਿੱਤੇ ਸਨ ਗੁਰੂ ਨਾਨਕ ਇਕ ਸ਼ਕਤੀ ਸੀ ਜੋ ਪੱਥਰ ਦਿਲ ਹੋਏ ਸਿੱਧਾਂ ਕੋਲ ਸੁਮੇਰ ਜਾ ਚੜ੍ਹੀ ਸੀ ਤੇ ਇਕ ਜਵਾਲਾ ਹੀ ਸੀ ਜਿਸ ਦੀ ਝਾਲ ਮੱਕੇ ਤੇ ਮਦੀਨੇ ਵਾਲੇ ਵੀ ਨਾ ਝਲ ਸਕੇ। ਉਹ ਇਕ ਐਸੀ ਬਗਾਵਤ ਸੀ ਜਿਸਨੇ ਹਰ ਪਰਚੱਲਤ ਠੱਗੀ ਵਿਰੁਧ ਆਵਾਜ਼ ਉਠਾਈ। ਉਹ ਇਕ ਐਸੀ ਤੇਜ਼ ਰੌਸ਼ਨੀ ਸੀ ਜਿਸਨੇ ਸਮਾਜ ਦੀਆਂ ਹਨੇਰੀਆਂ ਨੁਕਰਾਂ ਨੂੰ ਚਾਨਣ ਕੀਤਾ ਤੇ ਜਨਮ ਜਨਮ ਦੀ ਲੱਗੀ ਮਲ ਨੂੰ ਰੁਸ਼ਨਾਅ ਕੇ ਚਿੱਟਾ ਦੁੱਧ ਕੀਤਾ। ਗੁਰੂ ਨਾਨਕ ਇਕ ਨਿੱਘ ਸੀ ਜਿਸ ਨੇ ਕੋਰੇ ਤੇ ਸਰਦ ਹੋ ਚੁਕੇ ਦਿਲਾਂ ਵਿਚ ਲੋਕ-ਹਮਦਰਦੀ ਪਰਗਟਾਅ, ਦੂਜਿਆਂ ਲਈ ਮਰਣ ਚਾਅ ਪੈਦਾ ਕੀਤਾ। ਗੁਰੂ ਬਾਬਾ ਇਕ ਐਸੀ ਕਰਾਮਾਤ ਸੀ ਜਿੱਥੇ ਜਾ ਬੈਠੀ ਓਹ ਥਾਂ 'ਪੂਜਾ ਆਸਣ' ਹੋ ਗਈ। ਉਹ ਇਕ ਐਸੀ ਛੋਹ ਸੀ ਜਿਸਦੇ ਛੂ ਜਾਣ ਨਾਲ ਹੀ ਮੁਰਦਾ ਰੂਹਾਂ ਵਿਚ ਐਸੀ



www.AKJ.Org

ਜਗਤ੍ਰ ਆਈ ਕਿ ਕਾਇਰ ਲੋਕ ਸ਼ਾਹਾਂ ਵਿਰੁਧ ਖੜੇ ਹੋਣ ਜੋਗੇ ਹੋ ਗਏ। ਗੁਰੂ ਨਾਨਕ ਇਕ ਐਸੀ ਹਕੀਕਤ ਸੀ ਕਿ ਉਸ ਅੱਗੇ ਕੋਈ 'ਸੱਜਣ' ਬਣਿਆ ਠੱਗ ਆਪਣਾ ਪਾਜ ਬਹੁਤੀ ਦੇਰ ਲੁਕਾ ਨਾ ਸਕਿਆ। ਗੁਰੂ ਨਾਨਕ ਇਕ ਐਸਾ ਜੋਧਾ ਸੀ ਜੋ ਬਾਬਰ ਵਰਗਿਆਂ ਜਾਬਰਾਂ ਨਾਲ ਟਕਰਾਣੋਂ ਵੀ ਨਾ ਝਕਿਆ ਤੇ ਭਾਗੋ ਵਰਗੇ ਜਰਵਾਣੇ ਨੂੰ ਖਰੀ ਆਖਣੋਂ ਨਾ ਥਿੜਕਿਆ। ਗੁਰੂ ਨਾਨਕ ਜੀ ਦਾ ਕਰ-ਦਾਰ ਉਹਨਾਂ ਦੀ ਇਕ ਆਪਣੀ ਹੀ ਤੱਕ ਤੇ ਝਲਕਾਂ ਮਾਰਦਾ ਹੈ। ਮਾਝ ਰਾਗ ਦੀ ਵਾਰ ਦੇ ਇਕ ਸਲੋਕ ਵਿਚ ਆਖਦੇ ਹਨ: ਜੇ ਸਰੀਰ ਨੂੰ ਦੁੱਖ ਲੱਗ ਜਾਏ, ਰਾਹੂ ਤੇ ਕੇਤੂ ਸਦਾ ਲਈ ਦੁਸ਼ਮਣ ਹੋ ਜਾਣ, ਜ਼ਾਲਮ ਰਾਜੇ ਮੇਰੇ ਖੂਨ ਦੇ ਪਿਆਸੇ ਹੋ ਜਾਣ ਤੇ ਵਾਹਿਗੁਰੂ ਇਸ ਤਰ੍ਹਾਂ ਦੁਖ ਦੇ ਕੇ ਮੈਨੂੰ 'ਪਿਆਰ ਕਰੇ' ਤਾਂ ਭੀ ਮੈਂ ਆਦਰਸ਼ ਨੂੰ ਹੱਥੋਂ ਨਹੀਂ ਛਡਾਂਗਾ ਤੇ ਅਸੂਲ ਉਤੇ ਦ੍ਰਿੜ੍ਹ ਰਵਾਂਗਾ:

"ਜੇ ਦੇਹੈ ਦੁਖੁ ਲਾਈਐ, ਪਾਪ ਗਰਹ ਦੁਇ ਰਾਹੁ ॥
ਰਤੁ ਪੀਣੇ ਰਾਜੇ ਸਿਰੈ ਉਪਰਿ ਰਖੀਅਹਿ ਏਵੈ ਜਾਪੈ ਭਾਉ ॥
ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨਾ ਚਾਉ।"

ਤੇ "ਜੇ ਖਾਣ ਲਈ ਮੇਰੇ ਕੋਲ ਕੁਝ ਵੀ ਨਾ ਰਵ੍ਹੇ ਅਤੇ ਪਹਿਰਨ ਲਈ ਵੀ ਕੱਖ ਨਾ ਅਤੇ ਫਿਰ ਇਸ ਦੇ ਉਲਟ ਸਵਰਗ ਦੀਆਂ ਸੁੰਦਰ ਅਪੱਛਰਾਂ ਜੇ ਮੇਰੀ ਸੇਜ ਬਣ ਜਾਣ ਤਾਂ ਵੀ ਨਾਨਕ ਲਈ ਸਭ ਵਿਅਰਥ ਹਨ। ਉਹ ਦੁੱਖ ਤੇ ਇਹ ਸੁਖ ਆਦਰਸ਼ ਤੋਂ ਡੁਲਾਅ ਨਹੀਂ ਸਕਣਗੇ।"

"ਅਗੀ ਪਾਲਾ ਕਪੜੁ ਹੋਵੈ ਖਾਣਾ ਹੋਵੈ ਵਾਉ ॥
ਸੁਰਗੈ ਦੀਆਂ ਮੋਹਣੀਆਂ ਇਸਤਰੀਆਂ ਹੋਵਨਿ, ਨਾਨਕ ਸਭੋ ਜਾਉ ॥
ਭੀ ਤੂੰ ਹੈ ਸਾਲਾਹਣਾ ਆਖਣ ਲਹੈ ਨਾ ਚਾਉ ॥"

ਭਾਈ ਗੁਰਦਾਸ ਜੀ ਨੇ ਇਸੇ ਲਈ ਗੁਰੂ ਨਾਨਕ ਪਾਤਸ਼ਾਹ ਨੂੰ ਸੂਰਜ ਕਿਹਾ ਹੈ ਤੇ ਉਹਨਾਂ ਦੀ ਤੁਲਣਾ ਉਸ ਸ਼ੇਰ ਨਾਲ ਕੀਤੀ ਹੈ ਜਿਸ ਦੇ ਬੁੱਕਨ ਨਾਲ ਗਿੱਦੜਾਂ ਨੂੰ ਭਜਦਿਆ ਵਾਰ ਨਹੀਂ ਆਉਂਦੀ। ਗੁਰੂ ਅਰਜਨ ਦੇਵ ਜੀ ਨੇ ਉਸ ਸ਼ਕਤੀ ਨੂੰ 'ਚਰਾਗ' ਕਿਹਾ ਹੈ। ਸੱਚ ਮੁੱਚ ਗੁਰੂ ਨਾਨਕ ਐਸਾ ਚਰਾਗ ਸੀ, ਜਿਸ ਦੁਆਰਾ ਸਭ ਪਾਸੇ ਰੁਸ਼ਨਾਈ ਹੋਈ ਤੇ ਅੰਧੇਰਾ ਫੱਟਿਆ ਅਤੇ ਸਾਜਸ਼ਾਂ ਦੀ ਰਾਤ ਦਾ ਅੰਤ ਹੋਇਆ ਤੇ ਪਰਭਾਤ ਦੀ ਸੁਖਾਵੀਂ ਰੁੱਤ ਆਈ।

ਸਰ ਮੁਹੰਮਦ ਇਕਬਾਲ ਦਾ ਆਖਣਾ ਹੈ ਕਿ ਗੁਰੂ ਨਾਨਕ ਜੀ ਦਾ ਜ਼ਹੂਰ ਉਸ ਸਮੇਂ ਹੋਇਆ ਜਦ ਹਿੰਦ-ਵਾਸੀਆਂ ਨੇ ਗੌਤਮ ਦੀ ਆਵਾਜ਼ ਸੁਣਨ ਤੋਂ ਇਨਕਾਰ ਕਰ ਦਿਤਾ ਸੀ ਅਤੇ ਜਨਤਾ ਦੀਆਂ ਅੱਖਾਂ ਬੰਦ, ਕੰਨ ਸੁੰਨ ਤੇ ਦਿਮਾਗ ਬਹਿਰੇ ਹੋ ਗਏ ਸਨ। ਉਸ ਸਮੇਂ ਬੁੱਤਾਂ ਦੇ ਦੇਸ਼ ਵਿਚ ਤੌਹੀਦ ਦਾ ਨਾਅਰਾ ਲਗਾਉਣਾ ਕਿਸੇ ਮਰਦ ਕਾਮਲ ਦਾ ਹੀ ਕੰਮ ਸੀ। ਉਸ ਮਰਦ ਕਾਮਲ ਨੇ ਮਨੁੱਖ ਨੂੰ ਸੁਪ-ਨਿਆਂ ਦੀ ਦੁਨੀਆਂ ਤੋਂ ਹਕੀਕਤ ਤੇ ਅਸਲੀਅਤ ਦੇ ਜਗਤ ਵਿਚ ਲਿਆਂਦਾ। ਗੁਰੂ ਨਾਨਕ ਜੀ ਨੂੰ ਮਨੁੱਖ ਨੂੰ ਖ਼ੁਆਬਾਂ ਦੀ ਮਸਤੀ ਵਿਚੋਂ ਝੰਝੂੜ ਜਗਾਇਆ ਅਤੇ ਅਸਲ ਰੂਪ ਪਰਗਟਾਇਆ। ਗੁਰੂ ਨਾਨਕ ਜੀ ਨੂੰ ਮਨੁੱਖ ਦਾ ਦੋ ਰੂਪ ਤੇ ਕਈ ਵਾਰੀ ਬਹੁ-ਰੂਪ ਹੋਣਾ ਨਹੀਂ ਸੀ ਭਾਉਂਦਾ। ਉਹ ਤੌਹੀਦ, ਇਕ, ਦੇ ਪੁਜਾਰੀ ਸਨ ਤੇ ਮਨੁੱਖ ਦਾ ਇਕ ਰੂਪ ਹੀ ਚਾਹੁੰਦੇ ਸਨ। ਜਦ ਕੌਡਾ ਰਾਖਸ਼ ਨੇ ਇਹ ਗਲ ਆਖੀ ਸੀ ਕਿ 'ਗੁਰੂ ਨਾਨਕ! ਮੇਰੇ ਕੋਲ ਇਕ ਸ਼ੀਸ਼ਾ ਹੈ ਮੈਂ ਹਰ ਪਕੜ ਆਂਦੇ ਮਨੁੱਖ ਅੱਗੇ ਉਹ ਸ਼ੀਸ਼ਾ ਕਰਦਾ ਹਾਂ, ਜੇ ਸ਼ੀਸ਼ੇ ਵਿਚ ਉਸਦੀ ਸ਼ਕਲ ਕੁਤਾ, ਘੋੜਾ, ਸੂਰ ਸ਼ੇਰ ਜਾਂ ਖੋਤਾ ਦਿਸੇ ਤਾਂ ਉਸਨੂੰ ਖਾਂਦਾ ਹਾਂ ਹਰ ਕਿਸੇ ਨੂੰ ਨਹੀਂ।' ਤਾਂ ਗੁਰੂ ਨਾਨਕ ਜੀ ਨੇ ਆਖਿਆ ਸੀ, 'ਕੌਡਿਆ, ਤੂੰ ਮੈਨੂੰ ਕਿਉਂ ਨਾ ਖਾਧਾ' ਹੱਥ ਜੋੜ ਕੇ ਕੌਡੇ ਨੇ ਆਖਿਆ ਸੀ, 'ਬਾਬਾ ਜੀ ਤੁਹਾਡੇ ਅਗੇ ਵੀ ਮੈਂ ਉਹ ਸ਼ੀਸ਼ਾ ਕੀਤਾ ਕਦੇ ਪੂਰਬ ਤੇ ਕਦੇ ਪੱਛਮ ਕਦੀ ਉਤਾਂਹ ਤੇ ਕਦੀ ਹੇਠਾਂ ਪਰ ਜੋ ਤੁਸੀਂ ਸਾਹਮਣੇ ਹੋ, ਉਹੋ ਹੀ ਸ਼ੀਸ਼ੇ ਵਿਚ ਦਿਖਾਈ ਦਿਤੇ। ਮੇਰਾ ਖਾਜਾ ਤਾਂ ਦੋ ਰੂਪ ਵਾਲੇ ਮਨੁੱਸ਼ ਹਨ, ਇਕ ਰੂਪ ਵਾਲੇ ਅੱਗੇ ਤਾਂ ਮੇਰਾ ਨਮਸਕਾਰ ਹੈ।' ਸੋ ਉਸ ਸਮੇਂ ਪਾਖੰਡ, ਪਾਜ, ਵਹਿਮ ਪ੍ਰਸਤੀ, ਕਟਰ ਪ੍ਰਸਤੀ ਦੇ ਸੂਰਮੇ ਵਾਂਙ ਡੱਟ ਖੋਲਣਾ ਕਿਸੇ ਸ਼ਕਤੀਵਾਨ ਦਾ ਹੀ ਕੰਮ ਸੀ ਤੇ ਸਾਰਾ ਜੀਵਨ ਗੁਰੂ ਨਾਨਕ ਨੇ 'ਖੇਤ' ਨ ਛਡਿਆ ਤੇ ਸੂਰਮਿਆ ਵਾਂਙ ਜੂਝਦੇ ਰਹੇ।

ਗੁਰੂ ਨਾਨਕ ਦਾ ਪਹਿਲਾ ਵੱਡਾ ਟਾਕਰਾ ਕਰਮ ਕਾਂਡੀਆਂ ਨਾਲ ਹੋਇਆ। ਕਰਮ ਕਾਂਡੀਆਂ ਨੇ ਆਪਣਾ ਰਸਮੀ ਜਾਲ ਇਤਨਾ ਸੰਘਣਾ ਉਣਿਆ ਹੋਇਆ ਸੀ ਕਿ ਉਸ ਵਿਚ ਫਾਥੇ ਬਗੈਰ ਕੋਈ ਹਿੰਦੂ ਬੱਚ ਹੀ ਨਹੀਂ ਸਕਦਾ ਸੀ। ਕਰਮ ਕਾਂਡੀਆਂ ਨੇ ਇਸ ਆਜ਼ਾਦ ਰੂਹ ਨੂੰ ਕੈਦ ਕਰਨ ਲਈ ਜਾਲ ਵਿਛਾ ਦਿਤਾ। ਉਹਨਾਂ ਨੂੰ ਯਕੀਨ ਸੀ ਕਿ ਉਹ ਇਸ ਸ਼ਕਤੀ ਨੂੰ ਵੀ ਨਿੱਸਲ ਕਰ ਦੇਣਗੇ। ਇਸ



www.AKJ.Org

ਮੰਤਵ ਲਈ ਉਹ ਜੰਞੂ ਲੈ ਆਏ ਤੇ ਮਰਿਯਾਦਾ ਦੇ ਗੁਰ ਪੜ੍ਹਾਉਣ ਲਗੇ। ਜੰਞੂ ਹੀ ਵਰਣ ਆਸ਼ਰਮਾਂ ਦੀ ਕੋੜੀ ਦੀਵਾਰ ਦਾ ਪ੍ਰਤੀਕ ਸੀ। ਸ਼ਾਸਤਰਾਂ ਦੀ ਦੱਸੀ ਮਰਯਾਦਾ ਅਨੁਸਾਰ ਜੰਞੂ, ਬ੍ਰਾਹਮਣ ਨੂੰ ਗਰਭ ਤੋਂ ਅਠਵੇਂ ਸਾਲ ਖਤਰੀ ਨੂੰ ਗਿਆਰਵੇ ਸਾਲ ਤੇ ਵੈਸ਼ ਨੂੰ ਬਾਰਵੇਂ, ਸਾਲ ਪਾਉਣਾ ਜਰੂਰੀ ਸੀ। ਤੇ ਖੱਤਰੀ ਨੂੰ ਜੰਞੂ ਗਰਮ ਰੁੱਤ 'ਚ ਪਾਇਆ ਜਾਂਦਾ ਸੀ ਤੇ ਵੈਸ਼ ਲਈ ਪਤਝੱੜ ਦਾ ਮੌਸਮ ਰਾਖਵਾਂ ਸੀ। ਪੰਡਤ ਹਰਦਿਆਲ ਜਨੇਊ ਲੈ ਕੇ ਗੁਰੂ ਨਾਨਕ ਦੇਵ ਜੀ ਦੇ ਗੱਲ ਪਾਉਣ ਲੱਗੇ ਤਾਂ ਜਵਾਲਾ ਚਮਕ ਉਠੀ ਤੇ ਉਸ ਨੇ ਕਿਹਾ, 'ਪੰਡਤ ਜੀ ਜੰਞੂ ਦਾ ਭਾਵ ਦ੍ਵਜ, ਦੂਜਾ ਜਨਮ, ਆਖਦੇ ਹਨ। ਤੁਸੀਂ ਇਸਨੂੰ ਆਤਮਕ ਜਨਮ ਵੀ ਆਖਦੇ ਹੋ। ਜੋ ਜਨੇਊ ਤੁਸੀਂ ਪਾ ਰਹੇ ਉਹ ਤਾਂ ਧਾਗੇ ਦਾ ਹੈ। ਇਹ ਮੈਲਾ ਹੋ ਜਾਏਗਾ, ਟੁੱਟ ਵੀ ਜਾਏਗਾ, ਇਸਨੂੰ ਵਟਾਉਣ ਦੀ ਲੋੜ ਪਵੇਗੀ। ਜਦੋਂ ਆਤਮਾ ਸਰੀਰ ਵਿਚੋਂ ਉਡ ਜਾਏਗੀ ਇਹ ਜੰਞੂ ਸਰੀਰ ਨਾਲ ਹੀ ਭਸਮ ਹੋ ਜਾਏਗਾ। ਫਿਰ ਇਹ ਜਨੇਊ ਆਤਮਕ ਜੀਵਨ ਲਈ ਕਿਵੇਂ ਹੋਇਆ ? ਇਹ ਗੱਲ ਪਹਿਲਾਂ ਕਦੇ ਕਿਸੇ ਸੋਚੀ ਵੀ ਨਹੀਂ ਸੀ। ਜੇ ਸੋਚੀ ਵੀ ਸੀ ਤਾਂ ਆਖੀ ਕਿਸੇ ਨਹੀਂ ਸੀ । ਮਨੁੱਖ ਅੰਧੇਰੇ ਵਿਚ ਟੱਕਰਾਂ ਮਾਰ ਰਿਹਾ ਸੀ ਤੇ ਅੰਧੇਰੇ ਵਿਚ ਠੋਕਰਾਂ ਹੀ ਠੋਕਰਾਂ ਸਨ। ਇਤਿਹਾਸ ਵਿਚ ਵੀ ਲਿਖਿਆ ਹੈ ਕਿ ਡਰਾਵੇ ਵੀ ਦਿਤੇ ਗਏ ਪਰ ਗੁਰੂ ਨਾਨਕ ਜੀ ਇਹ ਹੀ ਆਖਦੇ ਰਹੇ।

"ਦਇਆ ਕਪਾਹ, ਸੰਤੋਖੁ ਸੂਤੁ, ਜਤੁ ਗੰਢੀ ਸਤੁ ਵਟੁ ॥
ਇਹ ਜਨੇਊ ਜੀਅ ਕਾ ਹਈ ਤਾ ਪਾਂਡੇ ਘਤੁ ॥'

[ਆਸਾ ਦੀ ਵਾਰ]

ਪੰਡਿਤ ਵਿਚਾਰਾ ਐਸਾ ਜੰਞੂ ਕਿਥੋਂ ਲਿਆਉਂਦਾ ? ਉਹ ਲਿਆ ਨਾ ਸਕਿਆ ਤੇ ਗੁਰੂ ਨਾਨਕ ਨੇ ਪਹਿਨਿਆ ਕੋਈ ਨਾ। ਵਰਣ-ਆਸ਼ਰਮ ਦਾ ਆਸਰਾ ਪਰਨਾ ਟੁੱਟ ਗਿਆ। ਤਲਵੰਡੀ ਵਿਖੇ ਹੋਏ ਬਰਾਦਰੀ ਦੇ ਇਕੱਠ ਨੇ ਇਹ ਨਿਰਾਲਾ ਚਮਤਕਾਰ ਡਿੱਠਾ ਤੇ ਉਸ ਰੋਸ਼ਨੀ ਦੀ ਕਿਰਨ ਚਾਰੇ ਪਾਸੇ ਫੈਲਣ ਲੱਗੀ।

ਉਥੇ ਤਲਵੰਡੀ ਵਿਚ ਹੀ ਉਸ ਬਾਬੇ ਨੇ ਹੋਰ ਕਰਾਮਾਤ ਕੀਤੀ। ਆਪਣੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਸਾਥੀ ਉਸ ਨੂੰ ਚੁਣਿਆ ਜੋ ਲੋਕਾਂ ਦੀ ਨਜ਼ਰ ਵਿਚ ਨੀਵੀਂ ਜਾਤ ਦਾ ਸੀ ਤੇ ਉਸ ਕਰਕੇ ਦੁਰਕਾਰਿਆ ਜਾਂਦਾ ਸੀ।

ਗੁਰੂ ਪਾਤਸ਼ਾਹ ਨੇ ਬਦਰੇ ਦੇ ਪੁੱਤਰ 'ਦਾਨਾ' ਨੂੰ ਨਾ ਸਿਰਫ 'ਭਾਈ' ਹੀ ਆਖਿਆ ਸਗੋਂ ਛਾਤੀ ਨਾਲ ਲਗਾ, ਸਾਹਸ ਤੇ ਜੀਵਨ ਬਖਸ਼ਕੇ 'ਮਰਦਾਨਾ' ਬਣਾਇਆ। ਇਹ ਵੀ ਗੁਰੂ ਨਾਨਕ ਜੀ ਨੇ ਤਲਵੰਡੀ ਵਿਖੇ ਹੀ ਮਹਿਸੂਸ ਕਰ ਲਿਆ ਸੀ ਕਿ ਸੁਰ, ਸੁਰਾ ਤੇ ਇਸਤਰੀ ਤਿੰਨਾਂ ਦੀ ਗਲਤ ਵਰਤੋਂ ਸਮਾਜ ਦੀਆਂ ਜੜ੍ਹਾਂ ਨੂੰ ਘੁੰਣ ਵਾਂਗੂ ਲਗ ਕੇ ਖੋਖਲਿਆਂ ਕਰੀ ਜਾ ਰਹੀਆਂ ਹਨ। 'ਸੁਰ' (ਰਾਗ) ਜੋ ਨਿਰੋਲ ਐਸ਼ ਲਈ ਵਰਤੀ ਜਾ ਰਹੀ ਸੀ ਉਸਨੂੰ ਸਵਾਰ ਭਲੇ ਪਾਸੇ ਲਗਵਾਉਣ ਦੀ ਲੋੜ ਹੈ । ਇਹਨਾਂ ਲੋਕ ਭਲਿਆਈ ਦੇ ਵਿਚਾਰਾਂ ਵਿਚ ਗਲਤਾਨ ਬਾਹਰ ਖੇਤਾਂ ਵਿਚ ਲੇਟੇ ਹੀ ਸਨ ਕਿ ਆਪ ਜੀ ਦੇ ਕੰਨਾਂ ਵਿਚ ਰਬਾਬ ਦੇ ਵਜਣ ਦੀ ਮਧੁਰ ਆਵਾਜ਼ ਆ ਰਹੀ ਸੀ। ਆਪ ਜੀ ਉੱਠ ਕੇ ਉਧਰ ਗਏ ਜਿਧਰੋਂ ਆਵਾਜ਼ ਆ ਰਹੀ ਸੀ। ਕੋਲ ਜਾ ਪੁਛਣ ਲੱਗੇ : 'ਰਬਾਬ ਭਲੀ ਵਜਾਇੰਦਾ ਏਂ ਨਾਂ ਕੀ ਆ ?' ਉਸ ਰਬਾਬ ਵਜਾਉਣ ਵਾਲੇ ਹੱਥ ਜੋੜ ਕਿਹਾ, 'ਜੀ ਮੈਨੂੰ 'ਦਾਨਾ' ਮਿਰਾਸੀ ਆਖਦੇ ਨੇ।' ਗੁਰੂ ਨਾਨਕ ਜੀ ਉਸ ਸਮੇਂ ਹੀ ਕਿਹਾ, 'ਜੇ ਸ਼ਬਦ ਪਾਇਕੇ ਰਾਗ ਨੂੰ ਗਾਵੇਂ ਤਾਂ ਤੂੰ ਮਰਦ-ਦਾਨਾਂ ਵੀ ਕਹਿਲਾਏਂ।' ਭਾਈ ਮਨੀ ਸਿੰਘ ਜੀ ਸਿੱਖਾਂ ਦੀ ਭਗਤ ਮਾਲਾ ਵਿਚ ਲਿਖਦੇ ਹਨ ਕਿ ਉਸ ਨੇ ਜਕੋ ਤਕੇ ਕੀਤੇ ਤੇ ਕਿਹਾ, "ਜੀ ਅਸੀਂ ਧਨੀ ਪੁਰਸ਼ਾਂ ਦੇ ਘਰ ਰਾਗ ਗਾ ਗਾ ਕੇ ਉਪਜੀਵਕਾ ਪੈਦਾ ਕਰਦੇ ਹਾਂ, ਸ਼ਬਦ ਗਾਉਣ ਨਾਲ ਸਾਡੇ ਘਰ, ਜੀਆ ਜੰਤਾਂ ਦਾ ਕੀ ਬਣੇਗਾ।' ਗੁਰੂ ਨਾਨਕ ਜੀ ਨੇ ਸਮਝਾਇਆ, "ਉਠ ਨਾਲ ਹੋ ਚਲ ਅਤੇ ਦਾਨਾ-ਮਰਦ ਬਣ, ਤੇਰਾ ਦੀਨ ਦੁਨੀ ਦੋਨਾਂ ਵਿਚ ਉਧਾਰ ਹੋਵੇਗਾ।" ਉਸ ਦਾਨਾ ਮਰਦ ਨੇ ਸਾਥ ਟੁਰਨ ਦਾ ਪ੍ਰਣ ਕੀਤਾ ਤੇ ਆਪਣੇ ਆਖਰੀ ਸਾਹ ਤਕ ਸ਼ਬਦ ਗਾਅ ਰੂਹਾਂ ਜਗਾਉਂਦਾ ਰਿਹਾ।

ਨਾਲ ਹੀ ਜਿੱਥੇ ਉਹ ਦਾਨਾ ਮਰਦਾਨਾ (ਸੂਰਮਾ) ਬਣਿਆ, ਉਥੇ ਸੁਰ (ਰਾਗ) ਕੀਰਤਨ ਹੋ ਨਿਬੜੀ। ਗੁਰੂ ਨਾਨਕ ਜੀ ਨੇ 19 ਰਾਗਾਂ ਵਿਚ ਸ਼ਬਦ ਗਾਅ ਕੇ ਨਵੇਂ ਸਮਾਜ ਦੀ ਨੀਂਹ ਰੱਖੀ। 'ਧਰਮ ਨਾਲ ਕਿਰਤ ਦਾ ਅਜੋੜ' ਦੱਸਣ ਵਾਲਿਆਂ ਨੂੰ ਦਰਸਾਇਆ ਕਿ 'ਕਿਰਤ ਤੇ ਕੀਰਤੀ' ਨੂੰ ਇਕੱਠਿਆਂ ਰਖਿਆਂ ਹੀ ਸਮਾਜ ਦਾ ਕਲਿਆਨ ਹੈ। ਸਵੇਰੇ ਆਪ ਕੀਰਤਨ ਵਿਚ ਜੁੜਦੇ, ਦਿਹਾੜੀ ਕਿਰਤ-ਕਾਰ ਕਰਦੇ ਤੇ ਸ਼ਾਮ ਨੂੰ ਸੋਦਰ ਤੇ ਰਾਤ ਨੂੰ ਸੋਹਿਲਾ ਗਾ ਅਰਾਮ ਕਰਨ ਜਾਂਦੇ। ਇਸ ਮਰਿਆਦਾ ਨੇ ਹੀ ਸਿੱਖੀ ਨੂੰ ਅਦੁਤੀ ਤੇ ਸਿੱਖ ਨੂੰ ਇਕ ਚਲਨ-ਹਿਲਨ ਵਾਲੀ ਸ਼ੈ ਬਣਾਇਆ ਹੈ।



www.AKJ.Org

ਇਸ ਤਰ੍ਹਾਂ ਸਮਾਜ ਵਿਚ ਇਸਤਰੀ ਲਿਤਾੜਿਆ ਤੇ ਦੁਰਕਾਰਿਆ ਅੰਗ ਸੀ। ਨਾਰੀ ਨੂੰ ਦੋਸ਼ਾਂ ਦੀ ਪਟਾਰੀ ਆਖਿਆ ਜਾਂਦਾ ਸੀ। ਸੰਸਾਰ ਦਾ ਕੋਈ ਵੀ ਐਸਾ ਮੁਲਕ ਨਹੀਂ ਹੋਵੇਗਾ ਜਿਸ ਵਿਚ ਕੋਈ ਨਾ ਕੋਈ ਊਝ ਲਗਾ ਆਖਾਣ ਔਰਤ ਨਾਲ ਨਾ ਜੋੜਿਆ ਗਇਆ ਹੋਵੇ। ਇਸ ਸ਼ਕਤੀ ਨੇ ਦਲੇਰੀ ਭਰੀ ਆਵਾਜ਼ ਵਿਚ ਕਿਹਾ :

ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵਿਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥ ਭੰਡੁ ਮੁਆ
ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥ ਸੋ ਕਿਉ ਮੰਦਾ
ਆਖੀਐ ਜਿਤੁ ਜੰਮਹਿ ਰਾਜਾਨ।' [ਆਸਾ ਦੀ ਵਾਰ]

ਇਸਤ੍ਰੀ ਭੰਡਣ ਵਾਲਿਆਂ ਨੂੰ ਦੁਰਕਾਰਿਆ ਕਿ ਜਿਨ੍ਹਾਂ ਰਾਜਿਆਂ, ਸੁਲਤਾਨਾਂ ਦੇ ਘਰੀਂ ਜਾ ਭਿੱਖਿਆ ਮੰਗਦੇ ਹੋ, ਉਹ ਰਾਜੇ ਤਾਂ ਇਸਦੀ ਕੁੱਖ ਵਿਚੋਂ ਪੈਦਾ ਹੁੰਦੇ ਹਨ। ਅਜੀਬ ਮੰਤਕ ਹੈ ਤੁਹਾਡੀ। ਰਾਜਾ ਤਾਂ ਨਿਹਕਲੰਕੀ ਤੇ ਇਹ ਉਸ ਨੂੰ ਜਨਮ ਦੇਣ ਵਾਲੀ ਕਲੰਕਨੀ, ਕੁਲਹਿਣੀ, ਕੁਲਖਣੀ ਨਰਕਾਂ ਦੀ ਭਾਗਣ ਤੇ ਵਿਸ਼। ਇਸਤਰੀ ਹੀ ਮਨੁੱਖ ਦਾ ਸੰਜਮ ਹੈ ਤੇ ਇਸ ਨੂੰ ਐਸ਼ ਦੀ ਵਸਤੂ ਸਮਝ ਵਰਤਣ ਵਾਲਾ ਆਪਣੀ ਹੀ ਨਿਰਾਦਰੀ ਕਰ ਰਿਹਾ ਹੈ। ਇਤਸਰੀ ਦੀ ਉੱਚਤਾ ਸਥਿਰ ਰੱਖਣ ਲਈ ਗੁਰੂ ਨਾਨਕ ਦੇਵ ਜੀ ਨੇ ਸਾਰਿਆਂ ਜੀਵਾਂ ਨੂੰ ਹੀ ਇਸਤਰੀ ਆਖਿਆ :

'ਸਭੇ ਕੰਤ ਮਹੇਲੀਆ,
ਸਗਲੀਆ ਕਰਹਿ ਸੀਗਾਰ ॥' [ਸੂਹੀ ਰਾਗ]

ਸਾਰੇ ਜੀਵ ਉਸ ਵਾਹਿਗੁਰੂ ਦੇ ਦਰ ਦੀਆਂ ਨਿਮਾ-ਣੀਆਂ ਇਸਤਰੀਆਂ ਹਨ। ਜਿਥੇ ਜਾਤੀ ਭੇਦ ਮਿਟਾਇਆ ਉਥੇ ਜਿਨਸੀ ਭੇਦ ਵੀ ਮਿਟਾ ਕੇ ਨਵੇਂ ਸਮਾਜ ਦਾ ਨਿਰਮਾਣ ਕੀਤਾ।

ਫਿਰ ਇਹ ਹੀ ਸ਼ਕਤੀ ਜਦ ਤਲਵੰਡੀ ਅਤੇ ਕੁਝ ਸਾਲ ਲਈ ਸੁਲਤਾਨਪੁਰ ਲੋਧੀ ਗਈ ਤਾਂ ਉਥੇ ਵੀ ਉਸ ਨੂੰ ਮਾਇਆ ਭਰਮਾ ਨਾ ਸਕੀ। ਰੋਜ਼ੀ ਨੂੰ ਉਸ ਸੰਸਾਰੀਆਂ ਵਾਂਗ ਪਹਿਲ ਨਾ ਦਿੱਤੀ। ਸਦਾ ਹੀ ਪਹਿਲਾਂ ਆਦਰਸ਼ ਤੇ ਅਸੂਲ ਨੂੰ ਰੱਖਿਆ। 'ਛੁਰੀ ਵਗਾਇਨ ਤਿਨ ਗਲਿ ਤਾਗ' ਵਾਲੇ ਤਾਂ ਬਹੁਤੇਰੇ ਮਿਲਦੇ ਸਨ ਪਰ ਐਸਾ ਕੋਈ ਨਹੀਂ ਸੀ ਜੋ ਭਰਾਵਾਂ ਨੂੰ ਛੁਰੀ ਦੇ ਵਾਰ ਤੋਂ ਬਚਾ ਸਕੇ। ਆਪ ਜੀ ਨੇ ਮੋਦੀ ਦਾ ਕੰਮ ਸੰਭਾਲ ਸਭਨਾਂ ਤੇ ਪਰਗਟ ਕਰ ਦਿੱਤਾ ਕਿ ਧਰਮ ਜ਼ਿੰਦਗੀ ਦੇ ਵਰਤਾਵੇ ਦਾ ਨਾਂ ਹੈ, ਨਾ ਕਿ ਕਿਸੇ ਰਸਮੋ-ਰਵਾਜ ਤੇ ਮਰਯਾਦਾ ਦਾ। ਕਿੱਤਾ ਕੋਈ ਵੀ ਮਾੜਾ ਨਹੀਂ, ਸੁਭਾਅ ਮਾੜਾ ਹੈ। ਸ਼ਾਇਦ ਇਸੇ ਲਈ ਗੁਰੂ ਬਾਬੇ ਨੇ ਵਪਾਰ ਵੀ ਕੀਤਾ, ਹੱਟੀ ਵੀ ਪਾਈ, ਨੌਕਰੀ ਵੀ ਕੀਤੀ ਤੇ ਵਾਹੀ ਨੂੰ ਵੀ ਰੋਜ਼ੀ ਦਾ ਵਸੀਲਾ ਬਣਾਇਆ। ਇਹ ਸਭ ਇਸ ਲਈ ਅਪਣਾਇਆ ਤਾਂਕਿ ਕੋਈ ਇਹ ਨਾ ਆਖ ਸਕੇ ਕਿ ਉੱਤਮ ਕਾਰ ਖੇਤੀ ਹੈ, ਮੱਧਮ ਵਪਾਰ ਹੈ ਜਾਂ ਨਖਿੱਧ ਚਾਕਰੀ ਹੈ। ਕਿਸੇ ਧੰਧੇ ਦੀ ਕੀਮਤ ਤਾਂ ਆਪ ਹੀ ਵਧਾਉਣੀ ਜਾਂ ਘਟਾਉਣੀ ਹੁੰਦੀ ਹੈ। ਉਸ ਨਿਰਾਲੇ ਮੋਦੀ ਨੇ, ਪੁਰਾਤਨ ਜਨਮ ਸਾਖੀ ਵਾਲਾ ਲਿਖਦਾ ਹੈ : 'ਤੱਕੜੀ ਤੋਲੀ ਪਰ ਕਿਸੇ ਦੀ ਦਮੜੀ ਨ ਰਾਖੇ, ਬੜੀ ਸੋਭਾ ਹੋਈ, ਸਭ ਰਯਤਿ ਲੱਗੀ ਦੁਆਈਂ ਦੇਣ ਉਥੇ ਰਹਿ ਐਸਾ ਵਿਹਾਰ ਕੀਤਾ ਕਿ ਸਭ ਲੋਕ ਆਖਣ : 'ਵਾਹ ਵਾਹ ਕੋਈ ਭਲਾ ਹੈ।' ਸੁਲਤਾਨਪੁਰ ਇਸਲਾਮ ਦਾ ਇਕ ਕੇਂਦਰ ਕਰਕੇ ਵੀ ਪ੍ਰਸਿੱਧ ਸੀ। ਉਥੋਂ ਦੇ ਇਸਲਾਮੀ ਮੱਕਤਬ ਵਿਚ ਸ਼ਹਿਜ਼ਾਦੇ ਪੜ੍ਹਦੇ ਸਨ ਤੇ ਇਸਲਾਮੀ ਵਿਦਿਆ ਹਾਸਲ ਕਰਦੇ ਸਨ। ਬਾਅਦ ਵਿਚ ਸ਼ਾਹ ਜਹਾਨ ਦੇ ਪੁਤਰਾਂ ਦਾਰਾ ਤੇ ਔਰੰਗਜ਼ੇਬ ਨੇ ਵੀ ਇਥੋਂ ਹੀ ਵਿਦਿਆ ਹਾਸਲ ਕੀਤੀ ਸੀ। ਇਸਲਾਮੀ ਕੇਂਦਰ ਵਿਚ ਸੱਚ ਦਾ ਹੋਕਾ ਲਗਾਉਣਾ ਕਿਸੇ ਮਹਾਂਬਲੀ ਦਾ ਹੀ ਕੰਮ ਸੀ। ਜਦ ਗੁਰੂ ਨਾਨਕ ਜੀ ਨੇ "ਨਾ ਹਿੰਦੂ ਤੇ ਨਾ ਕੋਈ ਮੁਸਲਮਾਨ" ਦਾ ਨਾਅਰਾ ਲਗਾਇਆ ਸੀ ਤਾਂ ਉਹਨੇ ਆਪਣੇ ਹੱਸ਼ਰ ਦਾ ਅਨੁਮਾਨ ਪਹਿਲਾਂ ਲਗਾ ਲਿਆ ਸੀ। ਇਹ ਵੀਚਾਰ ਉਹਨਾਂ ਪੂਰੀ ਸੋਚ ਬਾਅਦ ਪੇਸ਼ ਕੀਤੇ ਸਨ।

ਇਹ ਸਿਕੰਦਰ ਲੋਧੀ ਦੇ ਵਕਤ ਦੀ ਹੀ ਵਾਰਤਾ ਹੈ ਕਿ ਇਕ ਬ੍ਰਾਹਮਣ ਦਾ ਸਿਰ ਸਿਰਫ ਇਸ ਲਈ ਧੜ ਨਾਲੋਂ ਵੱਖ ਕਰ ਦਿੱਤਾ ਗਿਆ ਸੀ ਕਿ ਉਸ ਨੇ ਸਾਰੇ ਧਰਮ ਇਕੋ ਜਿਹੇ ਆਖੇ ਸਨ। ਉਸ ਵਿਦਵਾਨ ਪੰਡਤ ਦਾ ਆਖਣਾ ਸੀ ਕਿ ਕੋਈ ਕਿਸੇ ਵੀ ਧਰਮ ਉੱਤੇ ਈਮਾਨ ਲੈ ਆਏ ਕਾਮ-ਯਾਬੀ ਹਾਸਲ ਹੋ ਸਕਦੀ ਹੈ ਤੇ ਇਹ ਆਖਣਾ ਪਾਤਸ਼ਾਹ ਦੀ ਨਜ਼ਰ ਵਿਚ ਇਸਲਾਮ ਦੀ ਤੌਹੀਨ ਸੀ। ਜੇ ਇਤਨੀ ਬੇਜ਼ਰੱਰ ਗਲ ਸਕੰਦਰ ਲੋਧੀ ਨੂੰ ਚੁੱਕ ਸਕਦੀ ਸੀ ਤਾਂ ਸਿਕੰਦਰ ਲੋਧੀ ਦੇ ਭਰਾ, ਦੌਲਤਖਾਨ ਅਤੇ ਹੋਰ ਸ਼ਰੱਈਆਂ ਨੂੰ ਇਤਨੀ ਕਰੜੀ ਵਿਚਾਰ ਚੁਭੇ ਬਗੈਰ ਕਿਵੇਂ ਰਹਿ ਸਕਦੀ ਸੀ। ਚੁੱਭੀ ਵੀ। ਉਹਨਾਂ ਗੁਰੂ ਨਾਨਕ ਨੂੰ ਪੱਕੜ ਰਾਜ ਦਰਬਾਰ ਵਿਚ ਪੇਸ਼ ਕੀਤਾ ਅਤੇ ਫਤਵਾ ਲਗਾਉਣ ਲਈ ਆਖਿਆ। ਪਰ ਉਸ ਜਵਾਲਾ ਦਾ ਜਲਾਲ ਐਸਾ ਕਿ ਕੋਈ



www.AKJ.Org

ਤਾਬ ਨਾ ਲਿਆ ਸਕਿਆ। ਸ਼ਰੱਈਆਂ ਪੁਛਿਆ 'ਜੇ ਕੋਈ ਹਿੰਦੂ ਤੇ ਮੁਸਲਮਾਨ ਨਹੀਂ ਤਾਂ ਫਿਰ ਤੂੰ ਕੌਣ ਹੈਂ, ਹਿੰਦੂ ਹਸਤੀ ਯਾ ਮੁਸਲਮਾਨ ?' ਪਾਤਸ਼ਾਹਾਂ ਦੇ ਪਾਤਸ਼ਾਹ ਨੇ ਉੱਤਰ ਦਿੱਤਾ :

'ਹਰ ਦੋ ਨੇਸਤਮ; ਬੰਦਹ ਖ਼ੁੱਦਾ ਹਸਤੰਦ ॥ ਹਮਹ ਮਜ਼ਹਬ ਅਜ਼ ਮਨ ਹਸਤੰਦ ॥'

ਜਦ ਮੁਫ਼ਤੀ ਧਾਰਮਕ ਫ਼ੱਤਵਾ ਨਾ ਦਿਲਵਾ ਸਕੇ ਤਾਂ ਕਾਜ਼ੀਆਂ ਨੇ ਰਾਜਨੀਤਕ ਅਤਾਬ ਗਿਰਾਉਣ ਲਈ ਉਪਰਾਲਾ ਕੀਤਾ। ਉਹਨਾਂ ਆਖਿਆ, 'ਰਾਜਦਰਬਾਰ ਹਾਜ਼ਰ ਹੋਣ ਵੇਲੇ ਤੂੰ ਸੁਲਤਾਨ ਅਗੇ ਸਿਰ ਕਿਉਂ ਨਹੀਂ ਝੁਕਾਇਆ।' ਗੁਰੂ ਨਾਨਕ ਜੀ ਨੇ ਨਿਸੰਗ ਉੱਤਰ ਦਿਤਾ, 'ਜਿਸ ਨੂੰ ਲਾਲਚ ਹੋਵੇ ਉਹ ਹੀ (ਸ਼ਾਹਾਂ) ਅਗੇ ਸਿਰ ਝੁਕਾਉਂਦਾ ਹੈ, ਜਿਸ ਨੂੰ ਕੋਈ ਗੌਂ ਨਹੀਂ ਉਹਦਾ ਸਿਰ ਸਦਾ ਉੱਚਾ ਹੀ ਰਹਿੰਦਾ ਹੈ।'

(ਆ ਤਮਹ ਬੂਦ ਸਲਾਮ ਮੀ ਕਰਦ ॥ ਗਰਦਨ ਬੇ ਤਮਹ ਬੁਲੰਦ ਬਵਦ ॥)

ਇਹ ਨਿਧੜਕ ਵੀਚਾਰਾਂ ਉਹਨਾਂ ਖਿਆਲਾਂ ਤੇ ਚੋਟਾਂ ਸਨ ਜਿਨ੍ਹਾਂ ਦਾ ਪਰਚਾਰ ਦੇਸ਼ ਅਤੇ ਧਰਮ ਦੇ ਰਾਖੇ ਕਰਦੇ ਰਹੇ ਹਨ। ਇਸੇ ਦੀ ਮੁਹਾਰਨੀ ਤੁਲਸੀ ਜਿਹੇ ਵਿਦਵਾਨ ਨੇ ਛੇੜੀ ਸੀ। ਤੁਲਸੀ ਜੀ ਦਾ ਇਹ ਅਖਾਣ, 'ਕੋਈ ਨ੍ਰਿਪ ਹਉ ਹਮਹਿ ਕਾ ਹਾਨਿ।' ਸੁੱਥਰੇ ਤੇ ਨਿਰੋਏ ਸਮਾਜ ਵਿਚ ਨਹੀਂ ਢੁਕਦਾ। ਗੁਰੂ ਜੀ ਦਾ ਕਹਿਣਾ ਸੀ ਕਿ ਮਾੜਾ ਤੇ ਐਸ਼ੀ ਰਾਜਾ ਹੋਣ ਨਾਲ ਸਾਨੂੰ ਸਖਤ ਹਾਨੀ ਹੈ। ਰਾਜੇ ਦੇ ਅੰਨਾ, ਵਿਸ਼ਈ, ਲਾਪ੍ਰਵਾਹ, ਨਅਹਿਲ ਤੇ ਕਮਜ਼ੋਰ ਹੋਣ ਨਾਲ ਜੰਤਾ ਰੂਪੀ ਰਤਨ ਰੁਲ ਜਾਂਦਾ ਹੈ। ਇਸੇ ਲਈ ਜਦ ਬਾਬਰ ਨੇ ਦੇਸ਼ ਉੱਤੇ ਹਮਲਾ ਕੀਤਾ ਤਾਂ ਇਸ ਸ਼ਕਤੀ ਨੇ ਕਿਹਾ, ਇਹ ਸਭ ਦੋਸ਼ ਰਾਜੇ ਦਾ ਹੈ ਕਿ ਇਤਨੀ ਦੂਰੋਂ ਖੁਰਾਸਾਨ ਤੋਂ ਕੋਈ ਬਾਬਰ ਵਰਗਾ ਹਿੰਦੁਸਤਾਨ ਤੇ ਹਮਲਾ ਕਰੇ ਬੇ-ਦੋਸ਼ਿਆਂ ਦੀ ਇਜ਼ਤ ਲੁਟੇ। ਹਮਲੇ ਨੂੰ ਕਿਸਮਤ ਦਾ ਦੋਸ਼ ਆਖਣਾ ਭਰਮ ਹੈ ਭੁਲੇਖਾ ਹੈ :

'ਖੁਰਾਸਾਨ ਖਸਮਾਨਾ ਕੀਆ ਹਿੰਦੁਸਤਾਨੁ ਡਰਾਇਆ ॥
ਆਪੈ ਦੋਸੁ ਨ ਦੇਈ ਕਰਤਾ, ਜਮੁ ਕਰਿ ਮੁਗਲ ਚੜਾਇਆ ॥
[ਆਸਾ ਮ: ੧

ਇਸੇ ਹੀ ਖਿਆਲ ਦੀ ਵਿਆਖਿਆ ਕਰਦੇ ਹੋਏ ਗੁਰੂ ਜੀ ਨੇ ਕਿਹਾ ਕਿ ਮਾਰ ਤਾਂ ਪੈਣੀ ਹੋਈ। ਜਿਸ ਵੇਲੇ ਸੰਭਾ-ਲਣ ਦਾ ਸਮਾਂ ਸੀ ਉਸ ਵੇਲੇ ਤਾਂ ਐਸ਼ਾਂ, ਇਸ਼ਰਤਾਂ ਤੇ ਫ਼ਜ਼ੂਲ ਖਰਚੀਆਂ ਵਿਚ ਪਏ ਰਹੇ ਤੇ ਜਿਸ ਸਮੇਂ ਸ਼ਤਰੂ ਸਿਰ ਉਤੇ ਆ ਬੈਠਾ, ਇਜ਼ਤ ਤਾਂ ਰੁਲਣੀ ਹੋਈ :

'ਸ਼ਾਹਾਂ ਸੁਰਤਿ ਗਵਾਈਆ ਰੰਗ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥'
[ਆਸਾ ਮ: ੧

ਸੰਕਟ ਤੋਂ ਪਹਿਲਾਂ ਤਿਆਰੀ ਕਰਨੀ ਹੀ ਠੀਕ ਰਾਜ-ਨੀਤੀ ਹੈ। ਪਹਿਲਾਂ ਸੁਚੇਤ ਰਹਿਣ ਵਾਲਿਆਂ ਨੂੰ ਕੋਈ ਮਾਰ ਨਹੀਂ ਸਕਦਾ :

'ਅਗੋਂ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥'
[ਆਸਾ ਮ: ੧

ਗੁਰੂ ਪਿਤਾ ਜੀ ਨੇ ਇਹ ਵੀ ਆਖਿਆ ਕਿ ਜੋ ਸਮੇਂ ਦੇ ਹਥਿਆਰਾਂ ਨਾਲ ਨਹੀਂ ਲੜਦਾ ਉਹ ਵੀ ਹਾਰ ਦਾ ਮੂੰਹ ਵੇਖਦਾ ਹੈ। ਸਮੇਂ ਦੇ ਹਥਿਆਰ ਰੱਖਣੇ ਰੱਖਿਆ ਦਾ ਪਹਿਲਾ ਅਸੂਲ ਹੈ। ਜਦ ਬਾਬਰ ਬਾਰੂਦ ਅਤੇ ਤੇਜ਼ ਰਫਤਾਰ ਘੋੜਿਆਂ ਨਾਲ ਹਿੰਦੁਸਤਾਨ ਉਤੇ ਚੜ੍ਹ ਕੇ ਆਇਆ ਤਾਂ ਇਧਰ 'ਦੇਸ਼ ਦੇ ਰਾਖੇ' ਨਿਰੋਲ ਹਾਥੀਆਂ ਤੇ ਤੀਰ ਕਮਾਨਾਂ ਨਾਲ ਟਕਰਾ ਕਰਨ ਗਏ। ਬਾਰੂਦ ਦੇ ਗੋਲੇ ਛੁਟਣੇ ਦੀ ਦੇਰ ਸੀ ਕਿ ਤੀਰ ਕਮਾਨ ਹੱਥਾਂ ਵਿਚ ਹੀ ਚਿੜ ਚਿੜ ਕਰ ਗਏ ਤੇ ਹਾਥੀਆਂ ਨੇ ਆਪਣਿਆਂ ਨੂੰ ਹੀ ਲਿਤਾ-ੜਨਾ ਆਰੰਭ ਕਰ ਦਿੱਤਾ। ਹਿੰਦੁਸਤਾਨ ਤਕੜੀ ਹਾਰ ਖਾ ਗਿਆ। ਗੁਰੂ ਨਾਨਕ ਜੀ ਨੇ ਕਿਹਾ ਜੋ ਮੁੱਢ ਤੋਂ ਸੁਚੇਤ ਹੋ ਰਖਿਆ ਨਹੀਂ ਕਰਦਾ ਉਹ ਤਗੜੀ ਮਾਰ ਖਾ ਜਾਏਗਾ ਤੇ ਉਸਦਾ ਮਰਨਾ ਅਵੱਸ਼ਕ ਹੈ :

'ਮੁਗਲ ਪਠਾਣਾਂ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨੀ ਤੁਪਕ ਤਾਣਿ ਚਲਾਈ, ਓਨੀ ਹਸਤਿ ਚਿੜਾਈ ॥
ਜਿਨ ਕੀ ਚੀਰੀ ਦਰਗਾਹ ਪਾਟੀ, ਤਿਨੁ ਮਰਣਾ ਭਾਈ ॥
[ਆਸਾ ਮ: ੧]



www.AKJ.Org

ਇਹ ਸਨ ਇਨਕਲਾਬ ਦੇ ਅਨੋਖੇ ਸ਼ਬਦ ਜੋ ਦੇਸ਼ ਵਾਸੀਆਂ ਨੇ ਪਹਿਲੀ ਵਾਰ ਸੁਣੇ । ਉਨ੍ਹਾਂ ਵੀਚਾਰਾਂ ਦੀ ਕੀਮਤ ਕੂਤ ਅਜੇ ਵੀ ਕਾਇਮ ਹੈ ਤੇ ਨ ਸੁਨਣ ਤੇ ਨ ਮੰਨਣ ਵਾਲਾ ਦੇਸ਼ ਤਗੜੀ ਮਾਰ ਖਾਏਗਾ । ਗੁਰੂ ਨਾਨਕ ਨੇ ਇਹ ਸਮਝਾਇਆ ਕਿ ਨਿਰੋਲ ਆਪਣੀ ਸ਼ਕਤੀ ਹੀ ਕੰਮ ਆਂਵਦੀ ਹੈ, ਕਿਸੇ ਹੋਰ ਜਾਦੂ ਟੂਣੇ, ਬਾਹਰਲੀ ਗ਼ੈਬੀ ਸਹਾਇਤਾ ਦਾ ਆਸਰਾ ਉਡੀਕਣਾ ਇਕ ਭਰਮ ਹੈ ਤੇ ਮੂਰਖਪੁਣੇ ਤੋਂ ਵੱਧ ਕੁਝ ਨਹੀਂ । ਇਬਰਾਹੀਮ ਲੋਧੀ ਨੂੰ ਟੂਣੇ ਕਰਨ ਵਾਲਿਆ ਆਖਿਆ ਸੀ ਕਿ ਲੜਾਈ ਦੇ ਸਮੇਂ ਉਹ ਐਸਾ ਮੰਤਰ ਪੜ੍ਹਨਗੇ ਕਿ ਬਾਬਰ ਦੀਆਂ ਫੌਜਾਂ ਦਾ ਸਫਾਇਆ ਹੋ ਜਾਏਗਾ । ਉਹਨਾਂ ਦੇ ਇਕ ਮੰਤਰ ਅਗੇ ਉਹ ਮੁਗਲ ਟਿਕ ਨਹੀਂ ਸਕਣਗੇ ਪਰ ਗੁਰੂ ਜੀ ਆਖਦੇ ਹਨ ਲੜਾਈ ਵੇਲੇ ਕੋਈ ਮੰਤਰ ਕੰਮ ਨਾ ਆਇਆ ਤੇ ਸ਼ਹਿਜਾਦਿਆਂ ਦੀਆਂ ਲਾਸ਼ਾਂ ਟੋਟੇ ਟੋਟੇ ਹੋ ਗਲੀਆਂ ਕੂਚਿਆਂ ਵਿਚ ਰੁਲਦੀਆਂ ਰਹੀਆਂ ।

'ਕੋਟੀ ਹੂ ਪੀਰ ਵਰਜਿ ਰਹਾਏ ਜਾਂ ਮੀਰੁ ਸੁਣਿਆ
ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛ ਕੁਇਰ
ਰੁਲਾਇਆ ॥
ਕੋਈ ਮੁਗਲੁ ਨਾ ਹੋਆ ਅੰਧਾ, ਕਿਨੈ ਨਾ ਪਰਚਾ
ਲਾਇਆ ॥
[ਆਸਾ ਮ: ੧

ਸੁਲਤਾਨਪੁਰ ਲੋਧੀ ਤੋਂ ਉਠੀ ਇਹ ਆਵਾਜ਼ ਨੌਂ ਖੰਡਾਂ ਵਿਚ ਫੈਲੀ । ਇਤਨੀ ਪੁਰਦਲੀਲ ਤੇ ਜ਼ੋਰਦਾਰ ਸੀ ਇਹ ਆਵਾਜ਼ ਕਿ ਇਸ ਨੂੰ ਸਭ ਸੁਣਨ ਲਈ ਮਜਬੂਰ ਹੋਏ ਹਰਦੁਆਰ ਵਿਚ ਜਦ ਇਸ ਆਵਾਜ਼ ਨੇ ਪਾਖੰਡ ਉਘਾੜੇ ਤਾਂ ਸਭ ਨੇ ਇਸ ਦੀ ਸਚਿਆਈ ਮੰਨੀ । ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਇਹ ਕਿਸੇ ਮਹਾਨ ਜੁਰਅਤ ਵਾਲੇ ਦਾ ਹੀ ਕੰਮ ਹੋ ਸਕਦਾ ਹੈ ਕਿ ਸਦੀਆਂ ਤੋਂ ਆਪਣੇ ਪਿਤਰਾਂ ਵਲ ਪਾਣੀ ਦੇ ਛੱਟੇ ਮਾਰਨ ਵਾਲਿਆਂ ਨੂੰ ਕੋਈ ਟੋਕੇ ਤੇ ਗਲਤ ਆਖੇ ਤੇ ਗਲਤ ਸਾਬਤ ਕਰੇ । ਇਹ ਜਾਣ ਹਥੇਲੀ ਰੱਖ ਖੇਡਣ ਵਾਲੀ ਗੱਲ ਸੀ ਤੇ ਗੁਰੂ ਨਾਨਕ ਜੀ ਖੇਡੇ । ਜਾਨ ਤਲੀ ਤੇ ਰੱਖੇ ਬਗੈਰ ਸੱਚ ਦਾ ਹੋਕਾ ਦਿਤਾ ਹੀ ਨਹੀਂ ਜਾ ਸਕਦਾ । ਕਾਸ਼ੀ ਵਿਚ ਵੀ ਇਸੇ ਆਵਾਜ਼ ਨੇ ਹਲਚਲ ਮਚਾਈ ਸੀ । ਅਗਾਂਹ ਦੀ ਆਸ ਉੱਤੇ ਵਿਸ਼ਵ ਨਾਥ ਦੇ ਮੰਦਰ, ਰਤਨ ਰੂਪੀ ਜੀਵਨ ਕਰਵਤ ਥੱਲੇ ਰੱਖ ਮਰਨ ਵਾਲਿਆਂ ਨੂੰ 'ਆਤਮ ਹੱਤਿਆ' ਆਖਕੇ ਵਰਜਿਆ । ਜੀਵਨ ਮੁਕਤ ਦਾ ਰਾਹ ਹੀ ਠੀਕ ਰਾਹ ਹੈ । ਗਯਾ ਵਿਚ ਇਸੇ ਆਵਾਜ਼ ਨੇ 'ਦੀਵਾ ਮੇਰਾ ਏਕੁ ਨਾਮ' ਦਾ ਆਦਰਸ਼ ਦ੍ਰਿੜ੍ਹ ਕਰਾਇਆ ਸੀ । ਕੜੇੜੀ ਬਦਲੇ ਜੀਵਨ ਵਿਅਰਥ ਗਵਾਵਨ ਵਾਲਿਆਂ ਨੂੰ ਪਟਨਾ ਵਿਖੇ ਸਾਲਸ ਰਾਹੀਂ ਜੋਹਰੀ ਕੋਲੋਂ ਮੁਲ ਪੁਆਇਆ ਸੀ । ਜਾਦੂ ਟੂਣੇ ਦੇ ਸਹਾਰੇ ਰੋਅਬ ਜਮਾਉਣ ਤੇ ਡਰਾਉਣ ਵਾਲਿਆਂ ਨੂੰ 'ਨਾਮ ਦੀ ਵਡਿਆਈ' ਪਰਗਟਾਈ ਸੀ । ਕਲਕੱਤਾ ਵਿਚ ਬੜੀ ਸੰਗਤ ਕਾਇਮ ਕਰ ਕੇ ਵਿਖੇਵੇਂ ਦਾ ਜੰਗਾਲ ਉਤਾਰ ਲਾਹਿਆ ਸੀ । ਨਾਮ ਦੀ 'ਕਿਰਤ ਵਡਿਆਈ' ਆਸਾਮ ਦੇ ਭੰਡਾ ਬਾਛੀ ਨੂੰ ਦਰਸਾਈ ਸੀ । ਜਗਨਨਾਥ ਪੁਰੀ ਵਿਸ਼ਾਲ ਪ੍ਰਭੂ ਦੀ ਵਿਸ਼ਾਲ ਆਰਤੀ ਉਤਾਰਨ ਦਾ ਵਲ ਸਿਖਾਇਆ ਸੀ ਅਤੇ ਜਿਨ੍ਹਾਂ 'ਸਤ ਕਾ ਢੱਬ' ਛੱਡ ਦਿਤਾ ਸੀ ਉਹਨਾਂ ਨੂੰ ਧਰਮ ਦ੍ਰਿੜ੍ਹ ਕਰਾਇਆ ਸੀ । ਲੰਕਾ ਵਿਖੇ ਉਸੇ ਤੇਜ ਮਈ ਜਵਾਲਾ ਨੇ ਕਾਮ ਦੇ ਵੇਗ ਨੂੰ ਰੋਕਣ, ਥੰਮਣ ਤੇ ਬੰਨ੍ਹਣ ਦਾ ਢੰਗ ਦਸਿਆ ਸੀ । ਰਾਜਾ ਸ਼ਿਵਨਾਭ ਨੂੰ 'ਮੈਂ ਮੇਰੀ ਤੋਂ' ਉਤਾਂਹ ਦੇਖਣ ਦੀ ਪ੍ਰੇਰਨਾ ਦਿੱਤੀ ਸੀ । ਮਾਣਸ ਖਾਣਿਆਂ ਦੇ ਦੇਸ ਜਾ ਮਨੁੱਖ ਬਣਨ ਦੇ ਗੁਰ ਦੱਸੇ ਸਨ । ਨਰਬਦਾ ਦੇ ਕਿਨਾਰੇ ਰੱਬ ਦੇ ਟੋਟੇ ਕਰਨ ਵਾਲਿਆਂ ਨੂੰ '੧' ਓ ਦਾ ਗੀਤ ਗਾਉਣ ਦੀ ਜਾਚ ਦੱਸੀ । ਭਗਤ ਧੰਨਾ ਜੀ ਨੂੰ ਮਿਲ ਕੇ ਉਸਦੀ ਘਾਲ ਕਮਾਈ ਦੀ ਸ਼ਲਾਘਾ ਕੀਤੀ । ਉਸ ਸ਼ਕਤੀ ਨੇ ਧਰਮ ਦੇ ਨਾਂ ਹੇਠਾਂ ਕੁਚੀਲ ਕਰਮ ਕਰਨ ਵਾਲਿਆਂ ਨੂੰ 'ਸਿਰ ਖੁੱਥੇ' ਤੇ 'ਸਤ ਚੱਟੇ ਸਿਰ ਛਾਈ' ਕਹਿਣ ਤੋਂ ਵੀ ਢਿਲ ਨਾ ਕੀਤੀ । ਬਿੰਦਰਾਬਨ ਦੇ ਵਾਸੀਆਂ ਨੂੰ 'ਰੋਟੀਆਂ ਕਾਰਨ ਪੂਰੇ ਤਾਲ' ਵਜਾਉਣ ਤੋਂ ਰੋਕਿਆ । 'ਕਿਰਤ ਵਿਰਤ ਕਰ ਧਰਮ ਦੀ' ਅਤੇ 'ਘਾਲਿ ਖਾਇ ਕਿਛੁ ਹਥਹੁ ਦੇਹ' ਦਾ ਆਦਰਸ਼ ਦ੍ਰਿੜ੍ਹ ਕਰਾਇਆ । ਪਾਣੀਪਤ ਵਿਚ 'ਇਸਲਾਮ-ਅ ਲੇਕਮ' ਦੇ ਉਤਰ ਵਿਚ 'ਵਾ-ਅਲੇਕਮ-ਸਲਾਮ' ਆਖਣ ਵਾਲਿਆਂ ਨੂੰ 'ਸਲਾਮ-ਅਲੇਕ' ਅਖਾਣ ਦੀ ਪਰੇਰਨਾ ਦਿਤੀ । ਐਸਾ ਆਖਿਆ ਹੀ 'ਅਲਾਹ' ਵਿਚਕਾਰ ਆਉਂਦਾ ਹੈ । ਨਿਤ ਦੀ ਪਰੇਰਨਾ ਉਹ ਅਲਾਹ ਪਾਕ ਹੀ ਚਾਹੀਦਾ ਹੈ । ਕੁਰੂਕਸ਼ੇਤਰ ਵਿਚ ਉਸ ਸ਼ਕਤੀ ਨੇ ਖਾਣ ਦੇ ਭਰਮ ਨੂੰ ਮੁਕਾਇਆ । ਸਿਰਫ ਉਹ 'ਖਾਣਾ ਖੁਸੀ ਖੁਆਰ' ਹੈ ਜਿਸ ਦੇ ਖਾਣ ਨਾਲ ਸਰੀਰ ਦੁਖੀ ਤੇ ਮਨ ਵਿਚ ਵਿਕਾਰ ਪਲਦਾ ਹੈ । ਮਾਸ ਖਾਣ ਜਾਂ ਨਾ



www.AKJ.Org

ਖਾਣ ਦੀ ਬਹਿਸ ਫਜ਼ੂਲ ਹੈ। ਧਰਮ ਨਾਲ ਇਸਦਾ ਕੋਈ ਸੰਬੰਧ ਨਹੀਂ।

ਫਿਰ ਇਹ ਸ਼ਕਤੀ ਸੁਮੇਰ ਪਰਬਤ ਉਤੇ ਗਈ। ਸੰਸਾਰ ਤੋਂ ਨੱਸਣ ਵਾਲਿਆਂ ਨੂੰ ਸੰਸਾਰ ਵਿਚ ਰਹਿਣ ਤੇ ਜੂਝਣ ਦੀ ਗੱਲ ਕਹੀ: 'ਜਿਨ੍ਹਾਂ ਨੂੰ ਕੁਝ ਸਮਝ ਆਈ ਹੈ ਜੇ ਉਹ ਹੀ ਜਗਤ ਤੋਂ ਭਜ ਉਠੇ ਤਾਂ ਬੇ-ਸਮਝਾਂ ਦਾ ਕੀ ਹਾਲ ਹੋਵੇਗਾ?' ਸਿਧ ਲੋਕੀਂ ਕੋਈ ਉੱਤਰ ਤਾਂ ਦੇ ਨਾ ਸਕੇ, ਸਗੋਂ ਇਸ ਸ਼ਕਤੀ ਨੂੰ ਵੱਸ ਕਰਨ ਦੀਆਂ ਗੋਂਦਾਂ ਗੁੰਦਣ ਲੱਗੇ। ਉਹਨਾਂ ਮਾਇਆ ਦੇ ਜਾਲ ਵਿਛਾਏ ਵੀ, ਪਰ ਉਸ ਦੀ ਸਕਤੀ ਅੱਗੇ ਟਿਕ ਨਾ ਸਕੇ।

ਫਿਰ ਇਹ ਹੀ ਸ਼ਕਤੀ ਮੱਕੇ ਵਲ ਗਈ। ਮੱਕੇ ਵਿਚ ਰਬ-ਉਲ-ਆਲਮੀਨ ਦੀ ਵਿਆਖਿਆ ਸਾਰੇ ਖਤਰੇ ਆਪਣੇ ਸਿਰ ਲੈ ਕੇ ਕੀਤੀ। ਕਾਜ਼ੀਆਂ, ਹਾਜੀਆਂ ਤੇ ਮੁੱਲਾਂ ਨੂੰ 'ਇਕ ਸੋ ਪਹਿਲੇ ਕੁਛ ਨਹੀਂ' ਦਾ ਭਾਵ ਸਮਝਾਇਆ। ਬਗਦਾਦ ਵਿਚ ਕਿਤਾਬ ਖੋਲ੍ਹ ਸਮਝਾਇਆ ਕਿ ਸ਼ੁਭ ਅਮਲਾਂ ਬਾਝੋਂ ਸਾਰੇ ਹੀ ਖੁਆਰ ਹੋਣਗੇ। ਲੋਕਾਂ ਨੇ ਉਸ ਸ਼ਕਤੀ ਨੂੰ 'ਰਬ-ਉਲ-ਮਜੀਦ ਬਾਬਾ ਨਾਨਕ ਫਕੀਰ ਓਲੀਆ' ਕਹਿ ਨਾ ਸਿਰਫ ਸਤਿਕਾਰਿਆ ਸਗੋਂ ਬਗਦਾਦ ਵਿਚ ਸਦੀਵੀ ਯਾਦ ਬਣਵਾਈ। ਕੱਟਰ ਖਿਆਲੀਆਂ ਦਾ ਕਿਸੇ 'ਗੈਰ' ਨੂੰ ਰੱਬ ਤੁੱਲ ਆਖਣਾ ਇਕ ਅਜੀਬ ਜਿਹੀ ਗੱਲ ਸੀ। ਪਰ ਸ਼ਕਤੀ ਦਾ ਜਲਾਲ ਹੀ ਐਸਾ ਸੀ। ਉਹਨਾਂ ਸਭ ਨੇ ਸਿਰ ਨਿਵਾਇਆ।

ਐਮਨਾਬਾਦ ਵਿਚ ਬਾਬੇ ਦੀ ਬਾਬਰ ਨਾਲ ਟੱਕਰ ਹੋ ਗਈ। ਬਾਬਰ ਨੂੰ ਇਸ ਸ਼ਕਤੀ ਅੱਗੇ ਝੁਕਣਾ ਪਿਆ। ਉਸ ਅਗੋਂ ਤੋਂ ਨਾ ਕਤਲਿਆਮ ਕਰਨ ਦੀ ਕਸਮ ਉਠਾਈ। ਲੋਕਾਂ ਦੇ ਪੀਰ ਨੇ ਲਾਸ਼ਾਂ ਤੇ ਢੇਰ ਵਿਚ ਸੱਚੀ ਗੱਲ ਆਖਣ ਦੀ ਜੁਰੱਅਤ ਦੱਸੀ ਤੇ ਲੋਕਾਂ ਨੂੰ ਐਸਾ ਕਰਨ ਲਈ ਕਿਹਾ।

ਗਲ ਕੀ ਇਸ ਸ਼ਕਤੀ ਨੇ ਚਿੜੀਆਂ ਵਿਚ ਐਸਾ ਸਾਹਸ ਭਰ ਦਿਤਾ ਕਿ ਉਹ ਹਾਥੀਆਂ ਨੂੰ ਜਿਚ ਕਰਨ ਜੋਗ ਹੋ ਗਈਆਂ। ਗੁਰੂ ਨਾਨਕ ਨੇ ਨਿਮਾਣੀਆਂ ਚਿੜੀਆਂ ਨੂੰ ਕਿਹਾ ਕਿ ਜੇ ਅਲਹ ਤੁਹਾਨੂੰ ਯਾਦ ਹੈ ਤਾਂ ਵੱਡੇ ਅਕਾਰ ਦਾ ਹਾਥੀ ਭਾਵੇਂ ਉਹ ਅਣਗਿਣਤ ਅੰਨ ਘਿਉ ਦੀ ਰਸਦ ਖਾਂਦਾ ਹੈ, ਉਹ ਤੁੱਛ ਹੈ। ਉਸਦਾ ਹੰਕਾਰ ਹੀ ਉਸਨੂੰ ਮਾਰ ਗਿਰਾਏਗਾ ਆਫ਼ਰ ਆਫ਼ਰ ਫਿਰਨ ਵਾਲਾ ਆਪਣੀ ਮੌਤ ਸਹੇੜ ਲੈਂਦਾ ਹੈ। ਉਨ੍ਹਾਂ ਦਾ ਫੁਰਮਾਨ ਸੀ:

'ਸਉ ਮਣੁ ਹਸਤੀ ਘਿਉ ਗੁੜੁ ਖਾਵੈ,
ਪੰਜਿ ਸੈ ਦਾਣਾ ਖਾਇ ॥
ਡਕੈ ਫੂਕੈ ਖੇਹ ਉਡਾਵੈ,
ਸਾਹਿ ਗਇਐ ਪਛੁਤਾਇ ॥'

[ਵਾਰ ਮਲਾਰ ਮ: ੧

ਪਰ ਦੂਜੇ ਪਾਸੇ:

'ਅਧੁ ਗੁਲਾ ਚਿੜੀ ਕਾ ਚੁਗਣੁ ਗੈਣਿ ਚੜੀ ਬਿਲਲਾਇ ॥
ਖਸਮੈ ਭਾਵੈ ਓਹਾ ਚੰਗੀ ਜਿ ਕਰੇ ਖੁਦਾਇ ਖੁਦਾਇ ॥'

[ਵਾਰ ਮਾਲਰ ਮ: ੧

ਇਹਨਾਂ ਅਖੌਤੀ ਚਿੜੀਆਂ ਨੇ ਹੀ ਦੋ ਸੌ ਤ੍ਰੀਹ ਸਾਲਾਂ ਬਾਅਦ ਬਾਜ਼ਾਂ ਨਾਲ ਦਸਤ ਪੰਜੇ ਲਏ ਤੇ ਹਾਥੀਆਂ ਨੂੰ ਜ਼ਮੀਨ ਉਤੇ ਮਾਰ ਗਿਰਾਇਆ। ਇਹਨਾਂ ਅਕਤਿੜ੍ਹਿਆਂ ਨੇ ਹੀ ਸ਼ੀਂਹ ਵਰਗੇ ਜਰਵਾਣਿਆਂ ਨੂੰ ਉਨ੍ਹਾਂ ਦੇ ਘੁਰਣਿਆਂ ਵਿਚ ਜਾ ਕੇ ਸਾੜਿਆ ਤੇ ਲਿਤਾੜਿਆ। ਗੋਕਲ ਚੰਦ ਨਾਰੰਗ ਨੇ ਬਹੁਤ ਠੀਕ ਆਖਿਆ ਹੈ, "ਜਿਸ ਤੇਗ ਤੇ ਖ਼ਾਲਸੇ ਦੀ ਸ਼ਾਨ ਫੈਲਾਈ ਸੀ ਇਹ ਜ਼ਰੂਰ ਹੈ ਕਿ ਉਸਨੂੰ ਤਿਆਰ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ ਪਰ ਫੌਲਾਦ ਗੁਰੂ ਨਾਨਕ ਦੇਵ ਜੀ ਕਮਾ ਕੇ ਦੇ ਗਏ ਸਨ।"

———...



www.AKJ.Org

# ਗੁਰੂ ਨਾਨਕ-ਰਚਨਾ ਤੇ ਵਿਗਿਆਨਕ ਖੋਜਾਂ

( ਸ: ਵਧਾਵਾ ਸਿੰਘ )

ਮਨੁੱਖੀ ਮਨ ਦਾ ਆਪਣੇ ਆਲੇ-ਦੁਆਲੇ ਨੂੰ ਜਾਣਨ ਪਛਾਣਨ ਦਾ ਸੁਭਾ ਆਦਿ ਤੋਂ ਹੈ। ਪਹਿਲੋਂ ਪਹਿਲ ਇਸ ਦਿਸਦੇ ਜਗਤ ਨੂੰ ਵੇਖ ਕੇ ਮਨੁੱਖੀ ਸੂਝ ਬਹੁਤ ਚਕ੍ਰਿਤ ਹੋਈ ਹੋਣੀ ਹੈ। ਇਸ ਦੀ ਅਸਚਰਜਤਾ ਨੇ, ਇਸ ਦੀ ਜਾਣਨ-ਸ਼ਕਤੀ ਨੂੰ ਟੁੰਬਿਆ ਤੇ ਇਸ ਨੇ ਆਪਣੀ ਵਿਤ ਅਨੁਸਾਰ ਅਸਲੀਅਤ ਨੂੰ ਸਮਝਣ ਲਈ ਹੰਭਲੇ ਮਾਰਨੇ ਅਰੰਭੇ। ਪੂਰਬ ਵਿਚ ਤਾਂ ਗਿਆਨ ਵਾਸਤੇ ਇਹ ਹੰਭਲੇ ਆਦਮੀ ਨੂੰ ਇਸ ਨਤੀਜੇ ਤੇ ਲੈ ਪਹੁੰਚੇ ਕਿ ਆਤਮਾ ਇਕ ਨਾਸ-ਰਹਿਤ ਵਸਤੂ ਹੈ ਤੇ ਬਾਹਰੋਂ ਇਤਨੀ ਭਿੰਨਤਾ ਰਖਣ ਵਾਲੇ ਸੰਸਾਰ ਦੇ ਅੰਤਰ-ਗਤਿ ਇਕ ਵਿਸ਼ਿਸ਼ਟ ਅਖੰਡ ਪਰਮ-ਆਤਮਾ ਹੈ, ਜਿਸ ਤੋਂ ਇਸ ਦਾ ਆਪਣਾ 'ਆਪਾ' ਵੱਖ ਨਹੀਂ। ਪਰ ਪੱਛਮ ਵਿਚ ਕੁਦਰਤ ਅਤੇ ਕੁਦਰਤ ਦੇ ਦ੍ਰਿਸ਼ਟੇ-ਮਨੁੱਖ ਨੂੰ ਭਿੰਨ ਭਿੰਨ ਸਮਝ ਕੇ ਇਨ੍ਹਾਂ ਦੇ ਵੱਖੋ ਵੱਖ ਅਧਿਐਨ ਹੋਣ ਲਗੇ। ਪਹਿਲੀ ਹਾਲਤ ਵਿਚ ਅਧਿਆਤਮਕ ਗਿਆਨ ਦੀ ਦੌੜ ਸੀ ਜਿਸ ਨਾਲ ਮਨੁੱਖ ਪਸਾਰੇ ਵਿਚੋਂ ਪਰਤ ਕੇ ਆਪਣੇ ਤੇ ਵਧੇਰੇ ਕੇਂਦਰਤ ਹੋ ਗਿਆ ਤੇ ਦੂਜੀ ਵਿਚ ਉਹ ਪਸਾਰੇ ਦੀ ਖੋਜ ਪਿਛੇ ਜ਼ਿਆਦਾ ਵਹਿ ਗਿਆ ਤੇ ਇਸ ਦੀ ਇਹ ਖੋਜ ਨਿਯਮਬੱਧ ਹੋ ਕੇ ਭੌਤਕ ਵਿਗਿਆਨ ਅਖਵਾਉਣ ਲਗੀ। ਵਿਗਿਆਨੀਆਂ ਦੀਆਂ ਪਹਿਲੀਆਂ ਉਮੀਦਾਂ ਉਚੇਰੀਆਂ ਸਨ ਤੇ ਵਿਗਿਆਨਕ ਢੰਗ ਨਾਲ ਦ੍ਰਿਸ਼ਟਮਾਨ ਦੀ ਹਰ ਅਸਲੀਅਤ ਤਕ ਪਹੁੰਚਣ ਦੀ ਆਸ ਸੀ, ਪਰ ਏਸੇ ਪੱਖ ਦੀ ਨਵੀਨ ਵਿਗਿਆਨਕ ਖੋਜ ਇਸ ਢੰਗ ਨੂੰ ਪੂਰਨ ਨਹੀਂ ਮੰਨਦੀ। ਐਮ. ਐਲ. ਜੈਕ ਆਪਣੀ ਪੁਸਤਕ 'God is Education' ਵਿਚ ਲਿਖਦਾ ਹੈ—'ਹੁਣ ਉੱਘੇ ਵਿਗਿਆਨੀ ਆਪਣਿਆਂ ਸਿਟਿਆਂ ਉਤੇ ਪੰਜਾਹ ਸਾਲ ਪਹਿਲਾਂ ਨਾਲੋਂ ਘੱਟ ਮਾਣ ਕਰਦੇ ਹਨ ਤੇ ਆਪਣੀਆਂ ਅਪੂਰਨਤਾਈਆਂ ਨੂੰ ਮੰਨਣ ਲਈ ਤਿਆਰ ਹਨ। ਉਹ ਸਵੀਕਾਰ ਕਰਦੇ ਹਨ ਕਿ ਮਨੁੱਖੀ ਤਜਰਬੇ ਦੇ ਕਈ ਅਜੇਹੇ ਅੰਗ ਹਨ ਜਿਨ੍ਹਾਂ ਨੂੰ ਕਿ ਉਨ੍ਹਾਂ ਦੀ ਖੋਜ ਛੂਹ ਵੀ ਨਹੀਂ ਸਕਦੀ ਅਤੇ ਅੰਤਮ ਭਾਲ ਉਹ ਗਿਆਨ ਦੇ ਹੋਰਨਾਂ ਪੱਖਾਂ ਵਿਚ ਕੰਮ ਕਰਨ ਵਾਲਿਆਂ ਨੂੰ ਸੌਂਪਣ ਲਈ ਤਿਆਰ ਹਨ। ਇਸ ਤਰ੍ਹਾਂ ਹੁਣ ਦੋਹਾਂ ਢੰਗਾਂ ਵਿਚਕਾਰ ਹੋ ਰਹੇ ਘੋਲ ਦਾ ਅੰਤ ਆ ਗਿਆ ਜਾਪਦਾ ਹੈ। ਹੁਣ ਵਿਗਿਆਨੀ, ਧਰਮ ਦਾ ਵਿਰੋਧੀ ਹੋਣ ਦੀ ਥਾਂ ਉਸ ਦਾ ਸਹਾਇਕ ਹੈ। ਜੋ ਪਰਤਾਵੇ ਵਿਗਿਆਨ ਪਾਸੋਂ ਸਾਨੂੰ ਅਧਿਆਤਮਕ ਢੰਗ ਰਾਹੀਂ ਪਰਾਪਤ ਕੀਤੇ ਸਿਟਿਆਂ ਦੀ ਪ੍ਰੋੜ੍ਹਤਾ ਕਰਦੇ ਮਿਲਦੇ ਹਨ, ਉਨ੍ਹਾਂ ਨੂੰ ਜਾਚਣ-ਪੜਤਾਲਣ ਨਾਲ ਦੋਹਾਂ ਪੱਖਾਂ ਦੀ ਕਦਰ ਸਾਡੇ ਹਿਰਦੇ ਵਿਚ ਬਣਦੀ ਹੈ। ਪਰ ਇਹ ਚੇਤੇ ਰਖਣ ਯੋਗ ਹੈ ਕਿ ਚੂੰਕਿ ਅਧਿਆਤਮਕ ਖੋਜੀ ਦਾ ਨਿਸ਼ਾਨਾ ਕਿਸੇ ਵਿਗਿਆਨ ਨੂੰ ਕਾਇਮ ਕਰਨ ਦਾ ਨਹੀਂ ਹੁੰਦਾ ਤੇ ਉਹ ਆਪਣੇ ਸਰਬੱਗਤਾ-ਭਾਵ ਵਿਚ ਦ੍ਰਿਸ਼ਟਮਾਨ ਨੂੰ ਇਸ ਦੇ ਸਿਰਜਨਹਾਰ ਤੇ ਪਰੇਰਕ ਤੋਂ ਵਖ ਕੋਈ ਮਹੱਤਤਾ ਨਹੀਂ ਦੇ ਰਿਹਾ ਹੁੰਦਾ, ਇਹ ਗਿਆਨ ਸਾਨੂੰ ਉਸ ਤੋਂ ਕੇਵਲ ਅਲੰਕਾਰਕ ਰੂਪ ਵਿਚ ਹੀ ਮਿਲਣਾ ਸੰਭਵ ਹੈ।

ਬਹੁਤਾ ਸਮਾਂ ਨਹੀਂ ਹੋਇਆ ਗੁਰੂ ਨਾਨਕ ਸਾਹਿਬ ਦੇ—

'ਧਰਤੀ ਹੋਰੁ ਪਰੈ ਹੋਰੁ।'
'ਕੇਤੀਆ ਕਰਮ ਭੂਮੀ ਮੇਰ ਕੇਤੇ, ਕੇਤੇ ਧੂ ਉਪਦੇਸ।
ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ।'
'ਪਾਤਾਲਾ ਪਾਤਾਲ ਲਖ ਅਗਾਸਾ ਅਗਾਸ।'

ਆਦਿ ਜੇਹੇ ਕਥਨਾਂ ਦੀ ਸਚਾਈ ਦਾ ਵਜੂਦ ਸਾਡੇ ਮਨਾਂ ਵਿਚ ਕੇਵਲ ਧਾਰਮਕ ਵਿਸ਼ਵਾਸ ਤੇ ਨਿਰਭਰ ਸੀ ਤੇ ਮੁਮਕਨ ਹੈ, ਅਸੀਂ ਬਹੁਤ ਕਰਕੇ ਇਨ੍ਹਾਂ ਨੂੰ ਕੇਵਲ



www.AKJ.Org

ਕਾਵਿ-ਕਲਪਨਾ ਹੀ ਮਿਥਦੇ ਹੋਈਏ ਪਰ ਅਜ ਖਗੋਲਵੇਤਾਵਾਂ ਨੇ ਵਿਗਿਆਨਕ ਸਾਧਨਾਂ, ਦੂਰਬੀਨ ਆਦਿ ਰਾਹੀਂ, ਇਕ ਇਕ ਗਲੈਕਸੀ (Galaxy) ਜਾਂ ਨੈਬੁਲਾ (Nebulae) ਵਿਚ ਦਸ ਕਰੋੜ ਤੋਂ ਦਸ ਅਰਬ ਤਕ ਸਤਾਰਿਆਂ ਦੀ ਗਿਣਤੀ ਕੀਤੀ ਹੈ। ਇਸੇ ਤਰ੍ਹਾਂ ਵੀਹ ਲਖ ਨੈਬੁਲਿਆਂ ਦੀ ਗਿਣਤੀ ਕੀਤੀ ਜਾ ਚੁੱਕੀ ਹੈ। ਇਹ ਵੀ ਨਿਸਚਤ ਕੀਤਾ ਹੈ ਕਿ ਹੁਣ ਤਕ ਵੇਖਿਆਂ ਸਤਾਰਿਆਂ ਵਿਚੋਂ ਸਭ ਤੋਂ ਦੂਰ ਦੇ ਸਤਾਰੇ ਦੀ ਰੋਸ਼ਨੀ ਨੂੰ ਇਕ ਲਖ ਛਿਆਸੀ ਹਜ਼ਾਰ ਮੀਲ ਫ਼ੀ ਸਕਿੰਟ ਦੀ ਰਫ਼ਤਾਰ ਨਾਲ ਸਾਡੇ ਤਕ ਪਹੁੰਚਣ ਲਈ ਦਸ ਲਖ ਸਾਲ ਲੱਗੀਂਦੇ ਹਨ। ਭਾਵ ਇਹ ਕਿ ਉਹ ਸਤਾਰਾ ੧੦ ਲੱਖ ਰੋਸ਼ਨੀ ਸਾਲ ਦੂਰ ਹੈ। ਇਹ ਕਹਿਣ ਮਗਰੋਂ ਕਿ ਜੋਤਸ਼-ਵਿਗਿਆਨੀਆਂ ਦੀ ਕਾਫ਼ੀ ਚਿਰ ਪਹਿਲਾਂ ਦੀ ਖੋਜ ਅਨੁਸਾਰ ਭੌਤਕ ਰਚਨਾ ਦੇ ਵਜੂਦ ਦੇ ਮੁਕਾਬਲੇ, ਮਨੁੱਖ ਦਾ ਵਜੂਦ ਪਾਣੀ ਦੇ ਡੋਲ ਵਿਚ ਇਕ ਕਤਰੇ ਦੇ ਬਰਾਬਰ ਸੀ ਤੇ ਨਵੀਂ ਖੋਜ ਮੁਤਾਬਕ ਮਹਾਂਸਾਗਰ ਵਿਚ ਬੂੰਦ ਦੇ ਤੁਲ, ਜੇ. ਡਬਲਯੂ. ਐਨ. ਸੁਲੀਵਾਨ ਆਪਣੀ ਪੁਸਤਕ 'ਲਿਮਿਟੇਸ਼ਨਜ਼ ਆਫ਼ ਸਾਇੰਸ' ਵਿਚ ਲਿਖਦੇ ਹਨ—

'ਨਬਲੇ ਅਕਾਸ਼ ਵਿਚ ਸਭ ਤੋਂ ਵੱਡੇ ਤੇ ਨਿਖੜੇ ਹੋਏ ਅਕਾਰ ਹਨ ਤੇ ਇਹ ਅਕਸਰ 'ਟਾਪੂ-ਬ੍ਰਹਿਮੰਡ' ਕਰਕੇ ਪਰਸਿੱਧ ਹਨ। ਅਨੁਮਾਨ ਹੈ ਕਿ ਇਨ੍ਹਾਂ ਵਿਚੋਂ ਹਰ ਇਕ ਇੰਨਾ ਮਸਾਲਾ ਸਾਂਭੀ ਬੈਠਾ ਹੈ ਕਿ ਉਹਦੇ ਕਰੋੜਾਂ ਹੀ ਸੂਰਜ ਜਿਡੇ, ਨਵੇਂ ਸਤਾਰੇ ਬਣ ਸਕਦੇ ਹਨ ਤੇ ਸੂਰਜ ਸਾਨੂੰ ਪਤਾ ਹੀ ਹੈ ਕਿ ਧਰਤੀ ਨਾਲੋਂ ਤਕਰੀਬਨ ਦਸ ਲੱਖ ਗੁਣਾ ਵੱਡਾ ਹੈ। ਮਾਊਂਟ ਵਿਲਸਨ ਜੰਤਰ ਮੰਤਰ ਵਾਲੀ, ੧੦੦ ਇੰਚੀ ਦੂਰਬੀਨ ਥਾਣੀਂ, ਇਹ ਨਬੂਲੇ ਕੋਈ ਵੀਹ ਲੱਖ ਦੇ ਕਰੀਬ ਵੇਖੇ ਗਏ ਹਨ ਤੇ ਇਹ ਸਪਸ਼ਟ ਭਾਸਦਾ ਹੈ ਕਿ ਦੂਰਬੀਨ ਦੀ ਤਾਕਤ ਵਧਣ ਨਾਲ ਉਹ ਹੋਰ ਵੀ ਸਾਹਮਣੇ ਆਉਣਗੇ। ਹਾਂ, ਪਰ ਸੰਭਾਵਤ ਦੂਰਬੀਨ ਦੀ ਤਾਕਤ ਦੀ ਨਿਸਬਤ ਨਾਲ। ਕਿਉਂ ਜੋ ਉਨ੍ਹਾਂ ਦੇ ਘਟਣ ਦੀ ਕੋਈ ਅਲਾਮਤ ਨਹੀਂ ਦਿਸਦੀ। ਸਚਮੁਚ ਹੀ ਉਹ ਇਕ ਤਰ੍ਹਾਂ ਦੇ ਟਾਪੂ ਬ੍ਰਹਿਮੰਡ (Island universes) ਹੀ ਹਨ ਕਿਉਂਕਿ ਉਨ੍ਹਾਂ ਦੀ ਇਕ ਦੂਜੇ ਤੋਂ ਔਸਤ ਵਿਥ ੨੦-੨੦ ਲਖ ਰੋਸ਼ਨੀ-ਸਾਲਾਂ ਦੀ ਹੈ।

ਇਸ ਕਥਨ ਵਿਚ ਦੱਸਿਆਂ ਮਾਦਾ ਅਕਾਸ ਵਿਚਲੇ ਬਰੀਕ ਮਾਦੇ (Attenuated matter) ਦਾ ਇਕ ਅਤਿ ਨਿੱਕਾ ਹਿੱਸਾ ਹੀ ਹੈ। ਇਸ ਤਰ੍ਹਾਂ ਜਦੋਂ ਇਸ ਮਾਦੀ ਜਾਂ ਦ੍ਰਿਸ਼ਟਮਾਨ ਰਚਨਾ ਦੀ ਵਿਸ਼ਾਲਤਾ ਦਾ ਅੰਤ ਲੈ ਸਕਣ ਬਾਰੇ ਇਨ੍ਹਾਂ ਲੋਕਾਂ ਦੀ ਹੋ ਰਹੀ ਨਿਰਾਸਤਾ ਦਾ ਖਿਆਲ ਕਰੀਦਾ ਹੈ ਤਾਂ ਗੁਰੂ ਸਾਹਿਬਾਂ ਦੇ—

'ਕਰਤੇ ਕੈ ਕਰਣੈ ਨਾਹੀ ਸੁਮਾਰੁ'
'ਅੰਤੁ ਨ ਜਾਪੈ ਕੀਤਾ ਆਕਾਰੁ।
ਅੰਤੁ ਨ ਜਾਪੈ ਪਾਰਾਵਾਰੁ।'
[ਜਪੁਜੀ

ਆਦਿ ਕਥਨਾਂ ਉਤੇ ਵਿਸ਼ਵਾਸ਼ ਹੋਰ ਵੀ ਦ੍ਰਿੜ੍ਹ ਹੁੰਦਾ ਹੈ ਅਤੇ ਯਕੀਨ ਬੱਝਦਾ ਹੈ ਕਿ ਰੂਹਾਨੀ ਇਲਮ ਵਾਲੀ ਪਾਰਲੌਕਕ ਦ੍ਰਿਸ਼ਟੀ ਠੀਕ ਹੀ ਬਹੁਤ ਜ਼ਿਆਦਾ ਦੂਰ ਤਕ ਅਤੇ ਬਹੁਤ ਕੁਝ ਵਧੇਰੇ ਵੇਖ ਰਹੀ ਹੁੰਦੀ ਹੈ।

## ( ੨ )

ਭੌਤਿਕ ਵਿਗਿਆਨ ਦਾ ਸਭ ਤੋਂ ਘਟ ਬਹਿਸ ਵਾਲਾ ਨਿਯਮ ਕਹਿੰਦਾ ਹੈ, 'ਸ੍ਰਿਸ਼ਟੀ ਲਗਾਤਾਰ ਮੁਕਦੀ ਜਾ ਰਹੀ ਹੈ।'* ਸ਼ਕਤੀ ਦੀ ਕੁਲ ਮਿਕਦਾਰ ਵਿਚ ਬੇਸ਼ਕ ਫਰਕ ਨਹੀਂ ਆਉਂਦਾ ਪਰ ਉਹ ਮੁੜ ਕੇ ਨਾ ਪਰਾਪਤ ਹੋ ਸਕਣ ਵਾਲੀ ਹਾਲਤ ਅਖਤਿਆਰ ਕਰ ਰਹੀ ਹੈ। ਸਤਾਰੇ ਲਗਾਤਾਰ ਆਪਣੇ ਵਿਚੋਂ ਸ਼ਕਤੀ ਨੂੰ ਬਾਹਰ ਸੁਟ ਰਹੇ ਹਨ, ਜੋ ਸੰਭਵ ਹੈ ਕਿ ਅਕਾਸ਼ ਵਿਚ ਪਸਰਦੀ ਜਾ ਰਹੀ ਹੋਵੇ ਪਰ ਉਹ ਮੁੜ ਕੇ ਆਪਣੀ ਪਹਿਲੀ ਜੰਮੀ ਹੋਈ ਜਾਂ ਗਾੜ੍ਹੀ ਹਾਲਤ ਵਲ ਨਹੀਂ ਪਰਤ ਰਹੇ। ਬ੍ਰਹਿਮੰਡ ਦਾ ਕੁਲ ਮਾਦਾ ਅਖੀਰ ਨੂੰ ਖਿਸਰ ਪਿਸਰ ਕੇ ਜਾਂ ਤਾਂ ਸ਼ਕਤੀ ਵਾਂਙ ਹੋ ਜਾਵੇਗਾ ਜਾਂ ਹਰਾਰਤ ਦੇ ਮ੍ਰਿਤੂ-ਦਰਜੇ ਨੂੰ ਪ੍ਰਾਪਤ ਹੋ ਜਾਵੇਗਾ। ਉਸ ਸਮੇਂ ਸ਼ਕਤੀ ਦੇ ਆਪਸ ਵਿਚਲੇ ਤਬਾਦਲੇ ਅਸੰਭਵ ਹੋਣਗੇ ਅਤੇ ਇਹ ਨਾ ਤਬਦੀਲ ਹੋਣ ਵਾਲੀ ਬੇਤਰਤੀਬੀ ਦੇ ਅਤਿਵਾਧੇ ਦੀ ਅਵਸਥਾ ਲੰਮੇ ਅਨਿਸਚਤ ਸਮੇਂ ਲਈ ਹਾਵੀ ਰਹੇਗੀ। ਸ੍ਰਿਸ਼ਟੀ ਦਾ ਇਹ ਅਮਲ

---

*ਪ੍ਰਕਿਰਤੀ ਦੇ ਉਸਾਰੂ ਅਮਲ (Building Processes) ਇਤਨੇ ਥੋੜੇ ਤੇ ਨਿੱਕੇ ਹਨ ਕਿ ਉਨ੍ਹਾਂ ਦਾ ਅਸਰ ਬਹੁਤਾ ਨਹੀਂ ਪੈ ਸਕਦਾ। ਸ੍ਰਿਸ਼ਟੀ ਦੇ ਇਸ ਘਟਣ ਵਾਲੇ ਅਮਲ ਦਾ ਨਾਉਂ (Antrophy) ਹੈ।



www.AKJ.Org

ਸੁਝਾਉਂਦਾ ਹੈ ਕਿ ਇਹ ਸ੍ਰਿਸ਼ਟੀ ਜਿੰਨੀ ਅਜ ਗੱਠੀ ਗੁੱਥੀ ਹੈ, ਕਲ ਨੂੰ ਓਨੀ ਨਹੀਂ ਰਹੇਗੀ। ਪਿਛਾਂਹ ਵਲ ਨੂੰ ਤੁਰਿਆਂ ਇਹ ਸਾਨੂੰ ਪੈਰੋਪੈਰ ਵਧੇਰੇ ਗਠਿਤ ਰੂਪ ਵਿਚ ਮਿਲਦੀ ਹੈ। ਕਾਲ ਵਿਚ ਸਾਡੀ ਇਹ ਮੁੜਦੇ ਪੈਰੀਂ ਜਾਣ ਦੀ ਪਰ ਕਿਰਿਆ ਅਨਿਸਚਤ ਅਤੇ ਬੇਓੜਕ ਹੋਣੀ ਸੰਭਵ ਨਹੀਂ ਗਠਨ ਅਥਵਾ ਤਰਤੀਬ ਦਾ ਵੀ ਵਧਦੇ ਜਾਣਾ ਬਿਨਾ ਅੰਤ ਤੋਂ ਨਹੀਂ ਹੋ ਸਕਦਾ। ਅਤਿਵਾਧਾ (Maximum) ਨਿਸਚਤ ਹੈ ਅਤੇ ਇਹ ਨਿਸਚਤ ਅਤਿਵਾਧਾ ਪਿੱਛੇ ਖਾਸ ਸਮੇਂ ਤਕ ਮੌਜੂਦ ਸੀ। ਇਹ ਮੁਮਕਿਨ ਨਹੀਂ ਕਿ ਇਹ 'ਪੂਰਨ ਗਠਨ' ਵਾਲੀ ਹਾਲਤ ਕਿਸੇ ਘਟ ਗਠਨ ਵਾਲੀ ਅਵਸਥਾ ਵਿਚੋਂ ਉਠੀ ਹੋਵੇ ਅਤੇ ਨਾ ਹੀ ਇਹ ਸੰਭਵ ਹੈ ਕਿ ਇਹ 'ਪੂਰਨ ਗਠਨ' ਦੀ ਹਾਲਤ ਅਜ਼ਲ ਤੋਂ ਵਾਪਰ ਰਹੀ ਹੋਵੇ ਤੇ ਓੜਕ ਆਪਣੇ ਆਪ ਇਕਦਮ ਇਕ ਖਾਸ ਸਮੇਂ ਆਪਣੇ ਹੁਣ ਵਾਲੇ ਰਸਤੇ ਉਤੇ ਚਲਨ ਲਗ ਪਈ ਹੋਵੇ। ਇਸ ਤਰ੍ਹਾਂ ਪ੍ਰਕਿਰਤੀ ਦੇ ਪਰਵਾਣਤ ਨਿਯਮ ਸਾਨੂੰ ਕਾਲ ਵਿਚ ਸ੍ਰਿਸ਼ਟੀ ਦੇ ਇਕ ਵਿਸ਼ੇਸ਼ ਆਦਿ ਤੇ ਪਹੁੰਚਾ ਦਿੰਦੇ ਹਨ ਅਤੇ ਇਹ ਆਦਿ ਆਪਣੇ ਆਪ ਹੀ ਸ਼ੁਰੂ ਨਹੀਂ ਹੋ ਸਕਦਾ। ਇਸ ਕਿਸਮ ਦੀ ਦਲੀਲ ਤੇ ਅਧਾਰ ਤੇ ਅਸੀਂ ਇਹ ਸਮਝਣ ਲਈ ਮਜਬੂਰ ਹਾਂ ਕਿ ਗੁਜ਼ਰੇ ਸਮੇਂ ਵਿਚ ਇਕ ਮੌਕਾ ਸੀ ਜਦੋਂ 'ਪੂਰਨ ਗਠਨ' ਦੀ ਅਵਸਥਾ ਵਾਲੀ ਦੁਨੀਆਂ ਇਕ ਦਮ ਵਜੂਦ ਵਿਚ ਆਈ। ਇਸ ਦਾ ਅਚਨਚੇਤ ਹੀ ਆਪਣੇ ਆਪ ਹੋਂਦ ਵਿਚ ਆਉਣਾ ਸੰਭਵ ਨਹੀਂ। ਤਦੇ ਇਕ ਹੋਰ ਉਘਾ ਵਿਗਿਆਨੀ ਐਡਿੰਗਟਨ ਜਿਥੇ ਲਿਖਦਾ ਹੈ, 'ਤਾਰਿਆਂ ਦੀ ਉਤਪਤੀ ਵਿਕਾਸ ਦਾ ਇਕੋ ਅਮਲ ਹੈ, ਉਥੇ ਉਹ ਇਹ ਵੀ ਪਤਾ ਦਿੰਦਾ ਹੈ, 'ਇਹ ਅਮਲ ਅਚਨਚੇਤ-ਪੁਣੇ ਦੇ ਐਨ ਉਲਟ ਹੈ।' ਭਾਵ ਇਹ ਕਿ ਇਹ ਕਿਸੇ ਖਾਸ ਚੇਤਨ ਸ਼ਕਤੀ ਦੀ ਕਿਰਤ ਹੈ।

ਇਉਂ ਮਲੂਮ ਹੁੰਦਾ ਹੈ ਕਿ ਵਰਤਮਾਨ ਭੌਤਕ ਵਿਗਿਆਨ ਗੁਰੂ ਨਾਨਕ ਸਾਹਿਬ ਦੇ ਇਨ੍ਹਾਂ ਵਿਚਾਰਾਂ ਦੀ ਪੁਸ਼ਟੀ ਵਲ ਵਧਦਾ ਆ ਰਿਹਾ ਹੈ—

ਸਭ ਤੇਰੀ ਕੁਦਰਤ ਤੂੰ ਕਾਦਰ ਕਰਤਾ,
ਪਾਕੀ ਨਾਈ ਪਾਕ।' [ਮਹਲਾ ੧ ਵਾਰ ਆਸਾ

ਹੁਕਮੀ ਹੋਵਨਿ ਆਕਾਰ।' [ਜਪੁਜੀ

ਏਕੋ ਹੁਕਮੁ ਵਰਤੈ ਸਭ ਲੋਈ,
ਏਕਸੁ ਤੇ ਸਭ ਓਪਤਿ ਹੋਈ।' [ਗਉੜੀ ਮ: ੧

ਪਰ ਇਹ ਦ੍ਰਿਸ਼ਟਮਾਨ ਬਿਨਸਨਹਾਰ ਹੈ—
'ਦਿਨ ਰਵਿ ਚਲੈ ਨਿਸ ਸਸਿ ਚਲੈ,
ਤਾਰਕਾ ਲਖ ਪਲੋਇ।
ਮੁਕਾਮ ਓਹੀ ਏਕ ਹੈ, ਨਾਨਕਾ ਸਚ ਸੁਗੋਇ।'
[ਸਿਰੀ ਰਾਗ ਮਹਲਾ ੧ ਅਸਟਪਦੀ

'ਹਮ ਜੇਰ ਜਿਮੀ ਦੁਨੀਆ ਪੀਰਾ ਮਸਾਇਕਾ ਰਾਇਆ।
ਮੇ ਰਵਦਿ ਬਾਦਸ਼ਾਹਾ ਅਫਜੂ ਖੁਦਾਇਆ।'
[ਵਾਰ ਮਾਝ, ਮਹਲਾ ੧

ਤੇ ਇਸ ਦ੍ਰਿਸ਼ਟਮਾਨ ਦਾ ਪਸਾਰਾ ਵੀ ਇਕਦਮ ਹੀ ਹੋਇਆ—

ਕੀਤਾ ਪਸਾਉ ਏਕੋ ਕਵਾਉ। [ਜਪੁਜੀ

ਇਹ ਸਾਰਾ ਕਥਨ ਡਾਰਵਿਨ ਦੀ ਸਹਿਜ-ਵਿਕਾਸ਼ ਦੀ ਥੀਉਰੀ ਦੇ ਸਰੀਹਣ ਉਲਟ ਜਾਂਦਾ ਭਾਸਦਾ ਹੈ। ਜੀਵਾਂ ਦੀ ਉਤਪਤੀ ਬਾਰੇ ਡਾਰਵਿਨ ਦੀ ਥੀਓਰੀ 'ਜਾਤੀ ਦਾ ਮੂਲ' (Tne orgin of species) ਦਾ ਪ੍ਰਭਾਵ ਭਾਵੇਂ ਮਨੁੱਖੀ ਦਿਮਾਗਾਂ ਤੇ ਕਾਫ਼ੀ ਅਰਸਾ ਛਾਇਆ ਰਿਹਾ ਹੈ ਪਰ ਇਸ ਦੀ ਮੁਢਲੀ ਕੜੀ ਡਾਰਵਿਨ ਨੂੰ ਵੀ ਨਹੀਂ ਮਿਲ ਸਕੀ ਅਤੇ ਇਹ ਵੀ ਸਾਬਤ ਹੋ ਗਿਆ ਹੈ ਕਿ ਕੁਦਰਤੀ ਚੋਣ ਦੁਆਰਾ ਇਕ ਜਿਨਸ ਆਪਣੀ ਸੀਮਾ ਟਪ ਕੇ ਦੂਜੀ ਜਿਨਸ ਦੀ ਸੀਮਾ ਵਿਚ ਦਾਖਲ ਨਹੀਂ ਹੋ ਸਕਦੀ (ਪ੍ਰੋ. ਜੇ. ਐਮ. ਕਟਲਰ)। ਅਜੇਹੀ ਤਬਦੀਲੀ ਜਿਸ ਨੂੰ ਡਾਰਵਿਨ mutation ਦਾ ਨਾਂ ਦਿੰਦਾ ਹੈ, ਕਿਸੇ ਚੇਤਨਸੱਤਾ ਦੀ ਕਿਰਤ ਹੀ ਹੋ ਸਕਦੀ ਹੈ। ਡਾਰਵਿਨ ਦਾ ਸਿਧਾਂਤ ਜਿਨਸਾਂ ਦੇ ਉਪਰ ਵਲ ਦੇ ਵਿਕਾਸ਼ ਦੇ ਭਾਵ ਨੂੰ ਉੱਕਾ ਹੀ ਨਹੀਂ ਖੋਲ੍ਹਦਾ। ਭਾਵ ਇਹ ਕਿ ਜੀਉਂਦੇ ਰਹਿਣਾ ਹੀ ਵਿਕਾਸ਼ ਦਾ ਜੇਕਰ ਨਿਸ਼ਾਨਾ ਹੁੰਦਾ ਤਾਂ ਇਕ ਸਾਧਾਰਣ ਸਰੀਰਕ ਢਾਂਚੇ* ਨਾਲ ਚੰਗੇਰਾ ਮਤਲਬ ਹੱਲ ਹੋ ਸਕਦਾ ਸੀ। ਭਾਵੇਂ ਉਹ ਵੀ ਚਟਾਨਾਂ ਦੀ ਲੰਮੀ ਉਮਰ ਦੇ ਮੁਕਾਬਲੇ ਵਿਚ ਨਹੀਂ ਸੀ ਠਹਿਰਦਾ।

ਸੋ ਅੰਤ ਨੂੰ ਇਹੋ ਮੰਨਣਾ ਪਵੇਗਾ ਕਿ ਇਹ ਸਮੁਚਾ

---

*ਪਹਿਲਾ ਸਾਧਾਰਣ ਢਾਂਚਾ ਇਕ ਸੈੱਲ ਵਾਲਾ ਐਮੀਬਾ (Embea) ਸੀ, ਜੋ ਮਰਦਾ ਨਹੀਂ ਸੀ। ਜਦੋਂ ਤੋਂ ਲਿੰਗ ਰਾਹੀਂ ਪੈਦਾਇਸ਼ ਸ਼ੁਰੂ ਹੋਈ, ਮੌਤ ਦਾ ਵਜੂਦ ਵੀ ਉਸੇ ਸਮੇਂ ਤੋਂ ਹੈ।



www.AKJ.Org

ਸੰਸਾਰ ਉਸ ਚੇਤਨਸੱਤਾ ਦੀ ਕਿਰਤ ਹੈ, ਜਿਹੜੀ ਵੇਖਣ, ਬੁਝਣ ਤੇ ਵਿਚਾਰਨ ਦੀ ਸ਼ਕਤੀ ਰਖਦੀ ਹੈ। ਗੁਰੂ ਨਾਨਕ ਜੀ ਇਸ ਬਾਰੇ ਇਸ਼ਾਰਾ ਇਸ ਤਰ੍ਹਾਂ ਕਰਦੇ ਹਨ—

ਪਪੈ ਪਾਤਸਾਹ ਪਰਮੇਸਰੁ, ਪੇਖਣ ਕੋ ਪਰਪੰਚੁ ਕੀਆ।
ਦੇਖੈ ਬੂਝੈ ਸਭੁ ਕਿਛੁ ਜਾਣੈ ਅੰਤਰ ਬਾਹਰ ਰਵਿ ਰਹਿਆ।
[ਪਟੀ ਆਸਾ ਮ. ੧

੩

ਪਰ ਇਹ ਅਸਚਰਜ-ਭਰੀ ਗੱਲ ਹੈ ਕਿ ਇਹ ਸਾਰਾ 'ਪਰਪੰਚ' ਸਾਡੇ ਮਨ ਕਰਕੇ ਹੀ ਹੈ। ਇਸ ਦੀ ਹੋਂਦ ਦੀ ਵਾਸਤਵਕਤਾ ਮਨ ਤੇ ਨਿਰਭਰ ਹੈ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ—

ਸਗਲ ਰੂਪ ਵਰਨ ਮਨ ਮਾਹੀ, ਕਹੁ ਨਾਨਕ ਏਕੋ ਸਾਲਾਹੀ।
[ਗਉੜੀ ਗੁਆਰੇਰੀ ਮ. ੧

ਹੁਣ ਤਾਂ ਅਜੇਹੇ ਭਾਰਤੀ ਖ਼ਿਆਲਾਂ—'ਸੰਸਾ ਇਹ ਸੰਸਾਰ ਹੈ', 'ਸੰਸਾਰ ਮਿਥਿਆ ਰੂਪ ਹੈ' ਆਦਿ ਦੀ ਪੁਸ਼ਟੀ ਵੀ ਪੱਛਮੀ ਵਿਗਿਆਨੀਆਂ ਵਲੋਂ ਹੋਣੀ ਅਰੰਭ ਹੋ ਗਈ ਹੈ। ਅਸੀਂ ਵੇਖਦੇ ਹਾਂ ਕਿ ਦ੍ਰਿਸ਼ਟਮਾਨ ਦੀ ਜੋ ਵੀ ਅਸਲੀਅਤ ਦੇਖੀ ਤੇ ਬਿਆਨ ਕੀਤੀ ਜਾਂਦੀ ਹੈ, ਇਹ 'ਨਿਰੋਲ ਸੱਚ' ਨਹੀਂ ਸਗੋਂ 'ਸਬੰਧਤ ਸੱਚ' ਹੀ ਹੁੰਦੀ ਹੈ। ਦ੍ਰਿਸ਼ਟੀ ਪਰਮਾਣ (Scale of Observation) ਦੇ ਬਦਲਣ ਨਾਲ ਦ੍ਰਿਸ਼ਟੀ-ਵਿਸ਼ਾ ਹੀ ਬਦਲ ਜਾਂਦਾ ਹੈ, ਜਿਵੇਂ ਕਿ ਇਕ ਲੋਹੇ ਦਾ ਟੁਕੜਾ ਐਕਸਰੇਜ਼ ਥੱਲੇ ਸਥੂਲ ਵਿਖਾਈ ਦੇਣ ਦੀ ਥਾਂ ਪਰਮਾਣੂਆਂ ਦਾ ਸਪੰਜ ਜੇਹਾ ਹੀ ਨਜ਼ਰ ਆਉਂਦਾ ਹੈ। Mr. Le Compte du Nouy ਦੀ ਪੁਸਤਕ Human Destiny ਦੇ ਪੰਨਾ 25 ਤੇ ਚਾਰਲਸ ਯੁਜੀਨ ਗੁਈ ਦਾ ਕਥਨ ਆਇਆ ਹੈ 'ਦ੍ਰਿਸ਼ਟਮਾਨ ਨੂੰ ਉਪਜਾਣ ਦਾ ਕਾਰਣ ਦ੍ਰਿਸ਼ਟੀ-ਪਰਮਾਣ (Scale of Observation) ਹੈ'। ਦ੍ਰਿਸ਼ਟੀ ਪਰਮਾਣ ਮਨੁਖ ਤੇ ਨਿਰਭਰ ਹੈ। ਉਹ ਆਪ ਹੀ ਇਸ ਨੂੰ ਬਣਾਉਂਦਾ ਹੈ। ਪਰਕਿਰਤੀ ਵਿਚ ਭਿੰਨ ਭਿੰਨ ਦ੍ਰਿਸ਼ਟੀ-ਪਰਮਾਣ ਨਹੀਂ ਹਨ। ਉਥੇ ਤਾਂ ਕੇਵਲ ਇਕ ਵਿਸ਼ਾਲ ਇਕਸਾਰਤਾ ਵਾਲਾ ਦ੍ਰਿਸ਼ਟਮਾਨ ਐਸੇ ਪੈਮਾਨੇ ਤੇ ਹੈ, ਜੋ ਅਕਸਰ ਮਨੁਖ ਤੋਂ ਉਸ ਦੀ ਦਿਮਾਗੀ ਬਨਾਵਟ ਦੇ ਕਾਰਣ ਖੁੰਝਿਆ ਰਹਿੰਦਾ ਹੈ—ਇਹ ਬਣਾਵਟ ਅਜੇਹੀ ਹੈ ਕਿ ਇਕਸਾਰ ਦ੍ਰਿਸ਼ਟਮਾਨ ਦੀਆਂ ਵੰਡਾਂ ਪਾਉਣਾ ਤੇ ਇਸ ਨੂੰ ਵੱਖੋ ਵੱਖ ਟੁਕੜਿਆਂ ਵਿਚ ਵੰਡਣਾ ਜ਼ਰੂਰੀ ਹੋ ਜਾਂਦਾ ਹੈ।' ਇਸ ਤੋਂ ਸਪੱਸ਼ਟ ਹੈ ਕਿ ਜੋ ਕੁਝ ਅਸੀਂ ਆਪਣੀਆਂ ਅੱਖਾਂ ਨਾਲ ਵੇਖਦੇ ਹਾਂ ਇਹ ਸਾਡੀ ਦਿਮਾਗੀ ਅਵਸਥਾ ਦਾ ਆਪਣੇ ਲਈ ਆਪੇ ਹੀ ਬਣਾਇਆ ਇਕ ਭਰਮ ਹੈ ਜੋ ਅਸਲ ਵਿਚ ਇਤ੍ਹੋਂ ਨਹੀਂ ਹੈ। ਇਸੇ ਤਰ੍ਹਾਂ ਸਖਤੀ ਨਰਮੀ, ਸਰਦੀ ਤੇ ਗਰਮੀ ਆਦਿ ਹੁਣ ਵਿਗਿਆਨੀਆਂ ਲਈ ਚੀਜ਼ਾਂ ਦੇ ਗੁਣ ਨਹੀਂ ਸਗੋਂ ਕੇਵਲ ਸਾਡੇ ਮਨ ਦਾ ਹੀ ਬਣਾਉਟ ਹਨ।

ਨਵੀਨ ਵਿਗਿਆਨਕ ਖੋਜੀਆਂ ਨੇ ਮਾਦੇ ਦੇ ੯੨ ਮੂਲ ਤੱਤਾਂ ਦੇ ਪਰਮਾਣੂਆਂ ਦੀ ਅਗੇਰੇ ਵੰਡ ਬਿਜਲਾਣੂਆਂ ਤੇ ਪ੍ਰਤੀਅਣੂਆਂ ਵਿਚ ਕਰ ਕੇ ਮਾਦੇ ਦੀ ਹੋਂਦ ਨੂੰ ਉੱਕਾ ਹੀ ਉੱਡਾ ਦਿਤਾ ਹੈ। ਬਿਜਲਾਣੂ ਤੇ ਪ੍ਰਤੀਅਣੂ ਇਕ ਸ਼ਕਤੀ ਰੂਪ ਹਨ। ਸੋ ਸਾਡਾ ਪ੍ਰਕਿਰਤੀ ਦਾ ਬੁਨਿਆਦੀ ਮਸਾਲਾ ਇਕ ਸ਼ਕਤੀ ਹੈ, ਮਾਦਾ ਨਹੀਂ। ਪਰ ਇਹ ਮਨੁਖੀ ਦ੍ਰਿਸ਼ਟੀ-ਪਰਮਾਣ ਇਸ ਮਾਦੇ ਨੂੰ ਸਥੂਲ ਰੂਪ ਵਿਚ ਹੀ ਵੇਖ ਸਕਦਾ ਹੈ। ਜੇਕਰ ਅਸੀਂ ਆਪਣੀਆਂ ਅੱਖਾਂ ਦੀ ਵੇਖਣ-ਸ਼ਕਤੀ ਨੂੰ ਲੋੜੀਂਦੀ ਹੱਦ ਤਕ ਵਧਾ ਲਈਏ ਭਾਵੇਂ ਇਸ ਲਈ ਤਿਆਰ ਕੀਤੇ ਜੰਤਰਾਂ ਦੀ ਮਦਦ ਕਿਉਂ ਨਾ ਲੈਣੀ ਪਵੇ-ਤਾਂ ਅਸੀਂ ਅਵੱਸ਼ ਹੀ ਪ੍ਰਕਿਰਤੀ ਦੇ ਇਸ ਨਵੇਂ ਲਭੇ ਮੂਲ ਤੱਤ ਬਿਜਲਾਣੂ ਤੇ ਪ੍ਰਤੀਅਣੂ ਨੂੰ ਵੇਖ ਸਕਾਂਗੇ ਅਤੇ ਸਾਨੂੰ ਬੀਜ ਰੂਪ ਮੂਲ ਤੱਤ ਦਾ ਵਿਸਥਾਰ (ਸਥੂਲ ਰੂਪ) ਨਜ਼ਰੀਂ ਨਹੀਂ ਪਵੇਗਾ। ਪਰ ਬਿਜਲਾਣੂ ਤੇ ਪ੍ਰਤੀਅਣੂ ਅਜੇ ਤਕ ਵੇਖਣ ਵਿਚ ਨਹੀਂ ਆਏ ਕਿਉਂ ਜੋ ਇਨ੍ਹਾਂ ਤਕ ਪਹੁੰਚਣ ਦਾ ਦ੍ਰਿਸ਼ਟੀ-ਪਰਮਾਣ ਅਜੇ ਤਕ ਸਾਨੂੰ ਪਰਾਪਤ ਨਹੀਂ ਹੋਇਆ। ਹੁਣ ਸੋਚਣ ਵਾਲੀ ਗੱਲ ਹੈ ਕਿ ਜੇਕਰ ਬਿਜਲਾਣੂਆਂ ਦੀ ਵੀ ਅਗੇਰੇ ਵੰਡ ਸੰਭਵ ਹੋ ਸਕਦੀ ਹੋਈ ਤਦ ਉਸ ਮੂਲ ਨੂੰ ਵੇਖਣਾ ਸਾਡੇ ਲਈ ਹੋਰ ਵੀ ਕਠਨ ਹੋਵੇਗਾ। ਹੋ ਸਕਦਾ ਹੈ ਕਿ ਵਿਗਿਆਨਕ ਢੰਗ ਏਥੇ ਜਾਂ ਕਿਸੇ ਹੋਰ ਉਚੇਰੀ ਅਵਸਥਾ ਤੇ ਪੁਜ ਕੇ ਸਾਡੀ ਸਹਾਇਤਾ ਕਰਨ ਤੋਂ ਰਹਿ ਜਾਵੇ ਅਤੇ ਸਾਨੂੰ ਕਿਸੇ ਹੋਰ ਢੰਗ ਦੀ ਮੱਦਦ ਲੈਣੀ ਪਵੇ ਅਤੇ ਉਹ ਹੋਰ ਢੰਗ ਅਧਿਆਤਮਕ 'ਦਿੱਬ ਲੋਇਣ' ਵਾਲਾ ਹੀ ਹੋਵੇ।*

ਗੁਰੂ ਨਾਨਕ ਸਾਹਿਬ ਨੇ ਆਪਣੇ 'ਦਿੱਬ ਲੋਇਣ' ਨਾਲ ਪਰਕਿਰਤੀ ਦੀ ਜੋ ਮੂਲ ਸ਼ਕਤੀ ਵੇਖੀ ਹੈ, ਉਹ ਚੇਤੰਨ

---

*ਭੈ ਕੇ ਚਰਣ ਕਰ ਭਾਵ ਕੇ, ਲੋਇਣ ਸੁਰਤਿ ਕਰੇਇ।
ਨਾਨਕ ਕਹੈ ਸਿਆਣੀਏ,ਇਹ ਕੰਤ ਮਿਲਾਵਾ ਹੋਇ॥
ਵਾਰ ਮਾਝ ਸਲੋਕ ਮ. ੨



www.AKJ.Org

ਹੈ ਤੇ ਇਹ ਦ੍ਰਿਸ਼ਟਮਾਨ ਉਸੇ ਦਾ ਹੀ ਵਿਸਥਾਰ ਹੈ —

ਜੇਤਾ ਸਬਦ ਸੁਰਤਿ ਧੁਨਿ ਤੇਤੀ, ਜੇਤਾ ਰੂਪ ਕਾਇਆ ਤੇਰੀ
ਤੂੰ ਆਪੇ ਰਸਨਾ ਆਪੇ ਬਸਨਾ. ਅਵਰ ਨਾ ਦੂਜਾ ਕਹਉ ਮਾਈ।
[ਆਸਾ ਮਹਲਾ ੧

ਸੁਰਤਿ (Consciousness) ਵਿਚ ਇਤਨੀ ਚੇਤੰਨਤਾ ਪੈਦਾ ਹੋ ਆਉਂਦੀ ਹੈ ਕਿ ਉਹ ਬੁਧੀ ਤੋਂ ਪਰੇ ਦੀ ਪਹੁੰਚ ਵਾਲੀ ਹੋ ਜਾਂਦੀ ਹੈ*—

ਮੰਨੈ ਸੁਰਤਿ ਹੋਵੈ ਮਨਿ ਬੁਧਿ
ਮੰਨੈ ਸਗਲ ਭਵਨ ਕੀ ਸੁਧਿ [ਜਪੁ ਜੀ

ਭਾਈ ਸਾਹਿਬ ਵੀਰ ਸਿੰਘ ਜੀ ਨੇ ਪੰਜ ਗ੍ਰੰਥੀ ਸਟੀਕ ਵਿਚ ਇਸ 'ਸੁਧਿ' ਦੇ ਇਸ ਪਰਕਾਰ ਅਰਥ ਕੀਤੇ ਹਨ, 'ਸੁਧਿ ਯਾ ਸਿਧਿ ਉਹ ਬੁਧੀ ਹੈ ਜੋ 'ਕਾਰਣ ਕਾਰਜ' ਜਾਣ ਕੇ ਸਿਧਾਂਤ ਤੇ ਅਪੜਨ ਦੀ ਥਾਂ ਸਿਧਾ ਹੀ ਸੱਚ ਦੇ ਸਿਧਾਂਤ ਦੀ ਗਿਆਨਵਾਨ ਹੋ ਜਾਂਦੀ ਹੈ। ਇਸ ਦੀ ਪਰਾਪਤੀ, ਪੂਰਨਤਾ ਨੂੰ ਅਪੜੇ ਸਿਧ ਪੁਰਖਾਂ ਨੂੰ ਹੁੰਦੀ ਹੈ ਜਾਂ ਇਹ ਦੇਵਤਿਆਂ ਵਿਚ ਹੁੰਦੀ ਹੈ। ਸੁਤੇ ਗਿਆਨ ਵਾਲੀ ਬੁਧੀ, ਇਹ ਪਛਮੀ ਫਿਲਾਸਫਰਾਂ ਦੀ Intuition ਨਾਲ ਕੁਝ ਮਿਲਦੀ ਹੈ ਅਥਵਾ ਯੋਗ ਦਰਸ਼ਨ ਦੀ 'ਰਿਤੰਭਰਾ' ਨਾਲ'' ਮਿਲਦੀ ਹੈ-ਸੱਤ ਨੂੰ ਧਾਰਨ ਕਰਨ ਵਾਲੀ ਬੁਧੀ ਜਿਸ ਵਿਚ ਭ੍ਰਾਂਤੀ ਦਾ ਲੇਸ਼ ਨਹੀਂ ਹੁੰਦਾ।

ਬੁਧੀ ਤੋਂ ਉਪਰਲੀ ਇਸ ਸ਼ਕਤੀ ਵਲ ਮਿ. ਬਰਗਸਨ ਨੇ ਵੀ ਇਸ਼ਾਰਾ ਕੀਤਾ ਹੈ। ਉਸ ਦਾ ਖਿਆਲ ਹੈ ਕਿ ਫ਼ਲਸਫੇ ਦੀ ਸਾਰੀ ਖੋਜ ਇਸ Intuition ਰਾਹੀਂ ਹੀ ਹੋਣੀ ਚਾਹੀਦੀ ਹੈ।

ਅਮਰੀਕਾ ਦੇ ਇਕ ਉਘੇ ਵਿਗਿਆਨੀ ਡਾਕਟਰ ਰਾਈਨ ਨੇ ਮਨ ਦੇ ਗਿਆਨ ਇੰਦਰਿਆਂ-ਬਾਹਰਾ ਗਿਆਨ (Extra Sensory Perception) ਪਰਾਪਤ ਕਰਨ ਸਬੰਧੀ ਸਤਾਰਾਂ ਸਾਲ ਦੀ ਲਗਾਤਾਰ ਖੋਜ ਉਪਰੰਤ ਆਪਣੀ ਪੁਸਤਕ 'The Reach of the Mind' ਵਿਚ ਆਪਣੇ ਤਜਰਬੇ ਅੰਕਤ ਕੀਤੇ ਹਨ। ਇਕ ਖਾਸ ਕਿਸਮ ਦੇ ਕਾਰਡ ਬਣਾ ਕੇ ਉਨ੍ਹਾਂ ਉਤੇ ਨਿਸ਼ਾਨ ਲਾ ਦਿਤੇ ਗਏ, ਉਨ੍ਹਾਂ ਨਿਸ਼ਾਨਾਂ ਨੂੰ ਬਿਨਾ ਦੇਖੇ ਬੁਝਿਆ ਗਿਆ ਤੇ ਇਸ ਤਰ੍ਹਾਂ ਮਨ ਦੀ ਜਾਣਨ-ਸ਼ਕਤੀ ਦਾ ਨਿਰਣਾ ਕੀਤਾ। ਇਹ ਪਰਤਾਵੇ ਅਨੇਕਾਂ ਬੰਦਿਆਂ ਉਤੇ ਕੀਤੇ ਗਏ ਅਤੇ ਸਾਬਤ ਹੋਇਆ ਕਿ ਮਨ ਦੀ ਇਕਾਗਰਤਾ ਵਧਣ ਨਾਲ, ਨਤੀਜਾ ਠੀਕ ਨਿਕਲਣ ਦੀ ਆਸ ਵਧੇਰੇ ਹੋ ਜਾਂਦੀ ਹੈ। ਇਹ ਵੀ ਸਹੀ ਹੋਇਆ ਕਿ ਮਨ ਦੀ ਇਹ ਸ਼ਕਤੀ ਦੇਸ ਅਤੇ ਕਾਲ ਦੀ ਬੰਦਸ਼ ਵਿਚ ਨਹੀਂ ਇਹ ਦੂਰ-ਦੁਰਾਡੇ ਥਾਵਾਂ ਅਤੇ ਭਵਿਖਤ ਕਾਲ ਦੀਆਂ ਹਾਲਤਾਂ ਦਾ ਪਤਾ ਲਾ ਸਕਦੀ ਹੈ। ਇਸ ਤਰ੍ਹਾਂ ਮਨ ਦੇ ਖਿਆਲਾਂ ਦਾ ਪੜ੍ਹਿਆ ਜਾਣਾ ਵੀ ਸਿਧ ਕੀਤਾ ਗਿਆ ਹੈ। ਉਸ ਨੇ ਅਨੇਕਾਂ ਬੰਦਿਆਂ ਪਾਸੋਂ 'ਡਾਈਸ' ਸੁਟਵਾ ਕੇ ਨਿਕਲੇ ਸਿਟਿਆਂ ਦੇ ਅਧਾਰ ਤੇ ਇਹ ਵੀ ਸਿਧ ਕੀਤਾ ਹੈ ਕਿ ਮਨ ਦਾ ਮਾਦੇ ਦੇ ਉਤੇ ਸਿਧਾ ਅਸਰ ਹੁੰਦਾ ਹੈ।

ਵਿਗਿਆਨ, ਮਨ ਦੀ ਇਕਾਗਰਤਾ ਬਾਰੇ ਗੁਰੂ ਸਾਹਿਬ ਦੇ ਇਸ ਕਥਨ ਦੀ ਹੀ ਪ੍ਰੋੜਤਾ ਕਰਦਾ ਦਿਸਦਾ ਹੈ:—

ਮਨ ਰੇ ਥਿਰ ਰਹੁ ਮਤ ਕਤ ਜਾਹੀ ਜੀਉ।
[ਸੋਰਠ ਮਹਲਾ ੧

ਤੇ ਇਕਾਗਰਤਾ ਦੀ ਇਹ ਅਵਸਥਾ ਆਉਣੀ ਕਾਫ਼ੀ ਕਠਨ ਹੈ।

ਮਨ ਸਿਉ ਜੂਝਿ ਮਰੈ ਪ੍ਰਭੁ ਪਾਏ, ਮਨਸਾ ਮਨਹਿ ਸਮਾਏ।
[ਆਸਾ ਮ. ੧

ਅਧਿਆਤਮਕ ਵਿਗਿਆਨੀ ਦਾ ਮਨ ਜਦੋਂ ਪਸਾਰੇ ਵਿਚੋਂ ਮੁੜ ਕੇ ਆਪਣੇ ਆਪ ਇਕੱਠਾ ਹੋ ਜਾਂਦਾ ਹੈ ਤਾਂ ਇਸ ਇਕਾਗਰਤਾ ਤੋਂ ਉਪਜੀ ਸ਼ਕਤੀ ਤੇ ਰੋਸ਼ਨੀ ਦੁਆਰਾ ਉਹ ਆਪਣੇ ਆਪ ਨੂੰ ਜਿੱਥੇ ਤਿੰਨ ਲੋਕਾਂ ਦਾ ਗਿਆਤਾ* ਪਾਉਂਦਾ ਹੈ ਉਸੇ ਤਿੰਨਾਂ ਲੋਕਾਂ ਦੇ ਸਿਰਜਨਹਾਰ ਨਾਥ ਨੂੰ ਵੀ ਪਾ ਲੈਂਦਾ ਹੈ —

ਮਨ ਮਾਰਿ ਰੀਝੈ ਸਬਦਿ ਸੀਝੈ, ਤ੍ਰੈ ਲੋਕ ਨਾਥੁ ਪਛਾਣਏ।

ਇਸ ਉਚਤਮ ਅਵਸਥਾ ਵਿਚ ਮਨ ਆਪਣੀ ਮੂਲ ਜੋਤ ਨਾਲ ਤਦ ਰੂਪ ਹੀ ਹੋਇਆ ਹੁੰਦਾ ਹੈ ਅਤੇ ਇਸ ਸਮੇਂ ਪੰਜ-ਭੂਤਕ ਦ੍ਰਿਸ਼ਟਮਾਨ ਇਸ ਤੋਂ ਕੋਈ ਵੱਖਰੀ ਚੀਜ਼ ਨਹੀਂ ਰਹਿ ਜਾਂਦਾ —

---

*"ਇਹੁ ਮਨੁ ਸਕਤੀ ਇਹ ਮਨ ਸੀਉ,
ਇਹ ਮਨ ਪੰਚ ਤਤ ਕੋ ਜੀਉ,
ਇਹ ਮਨ ਲੇ ਜਉ ਉਨਮਨਿ ਰਹੈ,
ਤਉ ਤੀਨਿ ਲੋਕ ਕੀ ਬਾਤੈ ਕਹੈ,
[ਕਬੀਰ ਜੀ



www.AKJ.Org

ਮਨ ਮਹਿ ਜੋਤਿ ਜੋਤਿ ਮਹਿ ਮਨੂਆ, ਪੰਚ ਮਿਲੇ ਗੁਰ ਭਾਈ।
[ਰਾਮ ਕਲੀ ਮ. ੧

ਗੁਰੂ ਨਾਨਕ ਸਾਹਿਬ ਦੇ ਇਹ ਬਚਨ ਅਟੱਲ ਸਚਾਈਆਂ ਹਨ, ਜਿਹੜੀਆਂ ਆਪਣੇ ਆਪ ਵਿਚ ਸਦੀਵੀ ਨਵੀਨਤਾ ਰਖਦੀਆਂ ਹਨ। ਇਨ੍ਹਾਂ ਨੂੰ ਭੌਤਕ ਖੋਜ ਦੇ ਵਿਗਿਆਨੀ ਸਹਿਜੇ ਸਹਿਜੇ ਪਰਤਾਵਿਆਂ ਰਾਹੀਂ ਸਿਧ ਕਰਕੇ ਸਵੀਕਾਰ ਕਰਦੇ ਜਾ ਰਹੇ ਹਨ। ਸੋ ਇਹ ਮੰਨ ਲੈਣਾ ਯੋਗ ਹੋਵੇਗਾ 'ਮਹਾਨ ਵਿਚਾਰਵਾਨਾਂ ਦੇ ਖਿਆਲ ਕਦੇ ਨਹੀਂ ਮਰਦੇ। ਉਹ ਤਾਂ ਸਗੋਂ ਉਸ ਤਰੱਕੀ ਨੂੰ ਉਛਾਲਾ ਦਿੰਦੇ ਹਨ ਜਿਹੜੀ ਤਰੱਕੀ ਕਿ ਉਪਰੋਂ ਭਾਵੇਂ ਉਨ੍ਹਾਂ ਦੇ ਉਲਟ ਜਾਂਦੀ ਜਾਂ ਉਨ੍ਹਾਂ ਲਈ ਮਾਰੂ ਭਾਸਦੀ ਹੋਵੇ। ਅਤਿ ਪੁਰਾਤਨ ਚੇਤਨਾਵਾਂ ਆਪਣੀ ਨਿਖਰਵੀਂ ਨਵੀਨਤਾ ਦੇ ਨਾਲ ਕਈ ਵਾਰ ਸਾਨੂੰ ਤੁਬਕਾ ਦਿੰਦੀਆਂ ਹਨ ਕਿਉਂਕਿ ਲਖਤਾ ਜਾਂ ਅੰਤਰ-ਦ੍ਰਿਸ਼ਟੀ ਅਧੁਨਕਤਾ ਉਤੇ ਨਿਰਭਰ ਨਹੀਂ ਹੁੰਦੀ

[ਇੰਡੀਅਨ ਫਿਲਾਸਫੀ
ਕਿਰਤ ਡਾਕਟਰ ਰਾਧਾ ਕ੍ਰਿਸ਼ਨਾ

———


## ☬ ਸਿਮਰਨੇ ਤੇ ਖੰਡੇ ☬

ਅਸੀਂ ਸਰਬ ਲੋਹ ਦੇ ਵਧੀਆ ਸਿਮਰਨੇ, ਖੰਡੇ (ਦਸਤਾਰ ਉਤੇ ਸਜਾਉਣ ਵਾਲੇ) ਤੇ ਜੋੜਿਆਂ ਦੇ ਨੰਬਰ ਤਿਆਰ ਕਰਦੇ ਹਾਂ।

ਮਿਲਣ ਦਾ ਪਤਾ ਇਹ ਹੈ :—

ਕ੍ਰਿਪਾਲ ਸਿੰਘ, ਖਾਲਸਾ ਨਿਸ਼ਾਨ ਮੇਕਰ,
90, ਲਾਲ ਕੁਆਰਟਰ, ਆਜ਼ਾਦ ਨਗਰ ਮਾਰਕੀਟ,
ਲੁਧਿਆਣਾ।




www.AKJ.Org

# ਬਾਝੁ ਗੁਰੂ ਡੁਬਾ ਸੰਸਾਰੁ

(ਵਲੋਂ :—ਗਿਆਨੀ ਹਰਬੰਸ ਸਿੰਘ)

(ਦੂਜੀ ਕਿਸ਼ਤ)

ਗਏ ਸਿਗੀਤ ਪੁਕਾਰੀ ਧਾਹ ॥
ਉਡਿਆ ਹੰਸੁ ਦਸਾਏ ਰਾਹ ॥
ਆਇਆ ਗਾਇਆ ਮੁਇਆ ਨਾਉ ॥
ਪਿਛੈ ਪਤਲਿ ਸਦਿਹੁ ਕਾਵ ॥

ਦਸਵੀਂ ਅਵਸਥਾ ਵਿਚ ਜਿਸ ਬਾਲਕ ਨੂੰ ਬੜੇ ਚਾਅ ਮਲਾਰਾਂ ਨਾਲ ਪਾਲਿਆ ਸੀ, ਬੁਢਾ ਹੋਣ ਤੋਂ ਬਾਅਦ ਕਾਲ ਨੇ ਖਾ ਲਿਆ। ਓਹ ਸਰੀਰ ਜਿਸ ਉਤੇ ਬੜੀਆਂ ਸੁਗੰਧਤ ਚੀਜ਼ਾਂ ਮਲੀਆਂ ਜਾਂਦੀਆਂ ਸਨ, ਕਾਠ ਨਾਲ ਦਾਹ ਕੇ ਸਾੜ ਦਿਤਾ ਗਿਆ ਤੇ ਨਾਲ ਗਏ ਹੋਏ ਸਾਥੀਆਂ ਤੇ ਸਬੰਧੀਆਂ ਨੇ ਉਚੀਆਂ ਉਚੀਆਂ ਢਾਹਾਂ ਮਾਰੀਆਂ। ਬਸ ਇਹ ਸਰੀਰ ਜਿਸ ਨੂੰ ਪਾਲਣ ਲਈ ਅਨੇਕਾਂ ਝੂਠ ਤੇ ਠਗੀਆਂ ਫਰੇਬ ਕੀਤੇ ਗਏ ਸਨ, ਦਾ ਸਦਾ ਲਈ ਅੰਤ ਹੋ ਗਿਆ।

ਮਨੁਖ ਦੀ ਜੀਵਨ ਕਥਾ ਦਾ ਇਥੇ ਹੀ ਭੋਗ ਨਹੀਂ ਪੈਂਦਾ ਇਕ ਹੋਰ ਕਾਂਡ ਜਿਹੜਾ ਮਰਨ ਪਿਛੋਂ ਲੋਕਾਂ ਅਗੇ ਰਖਿਆ ਜਾਂਦਾ ਹੈ। ਉਹ ਇਹ ਕਿ ਲੋਕਾਂ ਵਿਚ ਚਰਚਾ ਛਿੜਦੀ ਹੈ, ਭਾਈ ਬੜਾ ਚੰਗਾ ਆਦਮੀ ਸੀ। ਯਾਰੋ ਜੇ ਓਹ ਥੋੜਾ ਚਿਰ ਹੋਰ ਜੀਉਂਦੇ ਤਾਂ ਉਸ ਨੇ ਕਈ ਕੰਮ ਕਰਨੇ ਸਨ। ਜੇ ਕੋਈ ਬੰਦਾ ਆਪਣਾ ਜੀਵਨ ਫਿਕਾ ਲੰਘਾ ਗਿਆ ਹੋਵੇ ਤਾਂ ਉਸ ਦੇ ਵਿਰੁਧ ਕਈ ਮੰਡਲੀਆਂ ਲਗਦੀਆਂ ਰਹਿੰਦੀਆਂ ਹਨ। ਓਹ ਬਾਲਕ ਜਿਹੜਾ ਮਰਨ ਤਕ ਭੁਖਾ ਰਿਹਾ ਸੀ, ਮਰਨ ਪਿਛੋਂ ਵੀ ਸਬੰਧੀਆਂ ਦੇ ਦਿਲ ਵਿਚ ਪਕਾ ਵਿਸ਼ਵਾਸ ਕਰਾ ਗਿਆ ਹੈ ਕਿ ਓਹ ਅਜੇ ਭੁਖਾ ਹੀ ਹੋਵੇਗਾ। ਇਸ ਭਰਮ ਵਿਚ ਓਹ ਬੜੇ ਬੜੇ ਕੜਾਹ ਪੂੜੇ ਖੀਰਾਂ ਬਣਾਉਂਦੇ ਹਨ। ਪੰਡਤਾਂ ਨੂੰ ਅਨੇਕ ਪਰਕਾਰ ਦੇ ਭੋਜਨ ਪਰੋਸ ਕੇ ਛਕਾਉਂਦੇ ਹਨ। ਹਾਂ ਜੀ, ਉਸ ਮਰੇ ਹੋਏ ਨੂੰ ਪਹੁੰਚੇਗਾ। ਜੀਉਂਦੇ ਪੰਡਤਾਂ ਨਾਲ ਕੋਈ ਪਿਆਰ ਨਹੀਂ, ਮੁਰਦੇ ਨਾਲ ਪਿਆਰ ਹੈ। ਇਹ ਪਿਆਰ ਉਸ ਭੁਖੀ ਰੂਹ ਲਈ ਹੈ ਜਿਸ ਦਾ ਭਤਾ ਬਿਨਾ ਟਿਕਾਣੇ ਤੋਂ ਪਹੁੰਚਾਣ ਦੇ ਯਤਨ ਕੀਤੇ ਜਾਂਦੇ ਹਨ। ਪੂਰਾਂ ਦੇ ਪੂਰ ਆਏ ਤੇ ਚਲੇ ਗਏ, ਪਤਾ ਨਹੀਂ ਕਿਥੇ ਜਾ ਸਮਾਉਂਦੇ ਹਨ—

ਇਕ ਦਝਹਿ ਇਕਿ ਦਬੀਅਹਿ
ਇਕਨਾ ਕੁਤੇ ਖਾਹਿ ॥
ਇਕਿ ਪਾਣੀ ਵਿਚਿ ਉਸਟੀਅਹਿ
ਇਕਿ ਭੀ ਫਿਰਿ ਹਸਣਿ ਪਾਹਿ ॥
ਨਾਨਕ ਏਵ ਨ ਜਾਪਈ
ਕਿਥੈ ਜਾਇ ਸਮਾਹਿ ।

(ਪੰਨਾ-੬੪੮)

ਭੋਲੇ ਮੂਰਖਾਂ ਦੀ ਇਸ ਦਿਸ਼ਾ ਨੂੰ ਵੇਖ ਕੀ ਕਬੀਰ ਜੀ ਚੁਪ ਨਹੀਂ ਰਹਿ ਸਕੇ, ਉਹਨਾਂ ਨੇ ਬੜੀ ਹੈਰਾਨੀ ਨਾਲ ਇਸ ਗਲ ਦਾ ਵਰਨਨ ਕੀਤਾ ਹੈ—

ਜੀਵਤ ਪਿਤਰ ਨਾ ਮਾਨੈ
ਕੋਊ ਮੂਏ ਸਿਰਾਧ ਕਰਾਹੀ ॥
ਪਿਤਰ ਭੀ ਬਪੁਰੇ ਕਹੁ ਕਿਉ
ਪਾਵਹਿ ਕਊਆ ਕੂਕਰ ਖਾਹੀ ॥
ਮੋ ਕਉ ਕੁਸਲ ਬਤਾਵਹੁ ਕੋਈ ॥
ਕੁਸਲੁ ਕੁਸਲੁ ਕਰਤ ਜਗੁ ਬਿਨਸੈ
ਕੁਸਲੁ ਭੀ ਕੈਸੇ ਹੋਈ ॥

(ਪੰਨਾ-੩੩੨)

ਵਾਹ ! ਅਜੀਬ ਹੀ ਖੇਡ ਹੈ ਇਸ ਸੰਸਾਰ ਦੀ ! ਜਿਸ ਮਨੁਖ ਨੂੰ ਜੀਵਨ ਭਰ ਕੋਈ ਦਾਲ ਰੋਟੀ ਵੀ ਨਹੀਂ ਪੁਛਦਾ ਸੀ, ਜਿਹੜਾ ਬੁਢਾ ਘਰ ਵਿਚ ਲੰਮਾ ਪਿਆ ਸੁਖਾਂਦਾ ਨਹੀਂ



www.AKJ.Org

ਸੀ, ਜਿਸ ਦੀ ਕੋਈ ਗਲ ਚੰਗੀ ਨਹੀਂ ਸੀ ਲਗਦੀ, ਉਸ ਦੇ ਨਮਿਤ ਬੜੇ ਬੜੇ ਲੰਗਰ ਲਾਏ ਜਾ ਰਹੇ ਹਨ। ਇਸ ਖਿਆਲ ਨਾਲ ਕਿ ਪਿਤਰਾਂ ਨੂੰ ਪਹੁੰਚ ਜਾਣਗੇ।

ਪਰ ਇਹ ਇਕ ਭੁਲੇਖਾ ਹੈ, ਇਹ ਪਿਤਰਾਂ ਨੂੰ ਨਹੀਂ ਪਹੁੰਚਦੇ ਕੁਤੇ ਕਾਂ ਹੀ ਖਾਂਦੇ ਹਨ। ਭਗਤ ਜੀ ਬੜੇ ਅਸਚਰਜ ਹੋ ਕੇ ਕਹਿੰਦੇ ਹਨ ਕਿ ਲੋਕੀਂ ਪੁਛਦੇ ਹਨ ਖੁਸ਼ੀਆਂ ਦੇ ਰਾਹ, ਖੁਸ਼ੀ ਖੁਸ਼ੀ ਆਖਣ ਨਾਲ ਖੁਸ਼ੀ ਥੋੜੀ ਮਿਲ ਜਾਣੀ ਏ। ਖੁਸ਼ੀਆਂ ਵਾਲੇ ਕੰਮ ਕੀਤੇ ਜਾਣ ਤਾਂ ਸੋਗ ਦਾ ਕੀ ਕੰਮ ਕਿ ਨੇੜੇ ਆਵੇ ਪਿਤਰਾਂ ਨੂੰ ਪੂਜਦੇ ਪੂਜਦੇ ਜੀਵਨ ਦਾ ਅੰਤ ਹੋ ਜਾਂਦਾ ਹੈ। ਖੁਸ਼ੀ ਤੋਂ ਖਾਲੀ ਹੀ ਜੀਵ ਇਸ ਸੰਸਾਰ ਤੋਂ ਚਲਾ ਜਾਂਦਾ ਹੈ।

ਸਚ ਮੁਚ ਖੁਸ਼ੀ (ਸੁਖ ਸ਼ਾਂਤੀ) ਅਜਿਹੀ ਚੀਜ਼ ਹੈ ਜਿਸ ਲਈ ਉਹਨਾਂ ਦਾ ਕੀ ਅਮੀਰ ਤੇ ਕੀ ਗਰੀਬ ਹਰੇਕ ਮਨੁਖ ਦੀ ਹਾਰਦਿਕ ਇਛਾ ਹੁੰਦੀ ਹੈ ਕਿ ਉਸ ਨੂੰ ਮਿਲੇ। ਪਰ ਇਹ ਮਿਲੇ ਕਿਵੇਂ ਗੁਰੂ ਤੋਂ ਬਿਨਾਂ ਇਹ ਖੁਸ਼ੀ ਕਿਸੇ ਕੋਲ ਹੈ ਹੀ ਨਹੀਂ। ਇਕ ਖੁਸ਼ੀ ਕੀ ਜਿਸ ਚੀਜ਼ ਦੀ ਲੋੜ ਹੋਵੇ, ਓਹੋ ਹੀ ਮਿਲ ਸਕਦੀ ਹੈ ਗੁਰੂ ਕੋਲੋਂ। ਇਥੋਂ ਤਕ ਕਿ ਸਤਿਗੁਰੂ ਦੀ ਸਰਣ ਵਿਚ ਆਉਣ ਨਾਲ ਮਨੁਖ ਅਮਰ ਹੋ ਜਾਂਦਾ ਹੈ, ਭਾਵ ਜੀਵਨ ਪਦਵੀ ਪਰਾਪਤ ਹੋ ਜਾਂਦੀ ਹੈ। ਗੁਰਬਾਣੀ ਵਿਚ ਲਿਖਿਆ ਹੈ ਕਿ—

ਜਿਤੜੇ ਫਲ ਮਨਿ ਬਾਛੀਅਹਿ
ਤਿਤੜੇ ਸਤਿਗੁਰ ਪਾਸਿ ॥
ਪੂਰਬਿ ਲਿਖੇ ਪਾਵਣੇ
ਸਾਚੁ ਨਾਮੁ ਦੇ ਰਾਸਿ ॥
ਸਤਿਗੁਰ ਸਰਣੀ ਆਇਆ
ਬਾਹੁੜਿ ਨਹੀ ਬਿਨਾਸੁ ॥

(ਪੰਨਾ—੫੨)

ਗੁਰੂ ਦਾ ਮਿਲਾਪ ਹੀ ਖੁਸ਼ੀ ਹੈ। ਅਸਲੀ ਅਨੰਦ ਹੈ ਹੀ ਗੁਰੂ ਨੂੰ ਮਿਲਣ ਵਿਚ 'ਜਿਸ ਮਿਲਿਐ ਮਨ ਹੋਇ ਅਨੰਦ ਸੋ ਸਤਿਗੁਰ ਕਹੀਐ ॥ ਮਨ ਕੀ ਦੁਬਿਧਾ ਬਿਨਸ ਜਾਇ ਹਰਿ ਪਰਮਪਦ ਲਹੀਐ ॥ ਖੁਸ਼ੀ ਸਚੇ ਪਿਆਰ ਨਾਲ ਆਉਣੀ ਹੈ। ਜੇ ਅਸੀਂ ਪਿਆਰ ਹੀ ਝੂਠੀ ਚੀਜ਼ਾਂ ਨਾਲ ਪਾ ਲਈਏ ਜੋ ਨਾਸਵੰਤ ਹਨ ਪਿਆਰ ਕਿਥੋਂ ਮਿਲੇ। ਪਿਆਰ ਦੀ ਪਰਤੀਤ ਵੀ ਗੁਰੂ ਤੋਂ ਬਿਨਾਂ ਕਿਵੇਂ ਆਵੇ? ਪਛਾਣ ਤਾਂ ਆਵੇ ਜੇ ਪਲੇ ਸਚ ਹੋਵੇ। ਸੱਚ ਤੋਂ ਬਿਨਾਂ ਸਾਰਾ ਸੰਸਾਰ ਹੀ ਦੁਸ਼ਟਾਂ ਦੀ ਚੌਕੜੀ ਵਿਚ ਬੈਠਾ ਹੋਇਆ ਫਿਕਾ ਜੀਵਨ ਬਤੀਤ ਕਰ ਰਿਹਾ ਹੈ। ਗੁਰੂ ਸਾਹਿਬ ਨੇ ਫੁਰਮਾਇਆ ਹੈ ਕਿ—

ਝੂਠੀ ਮਨ ਕੀ ਮਤਿ ਹੈ
ਕਰਣੀ ਬਿਬਾਦ ॥
ਝੂਠੇ ਵਿਚ ਅਹੰਕਰਣ ਹੈ
ਖਸਮ ਨ ਪਾਵੈ ਸਾਦ ॥
ਬਿਨੁ ਨਾਂਵੈ ਹੋਰ ਕਮਾਵਣਾ
ਫਿਕਾ ਆਵੈ ਸਾਦੁ ॥
ਦੁਸ਼ਟੀ ਸਭਾ ਵਿਗੁਚੀਐ
ਬਿਖੁ ਵਾਤੀ ਜੀਵਣ ਬਾਦਿ ॥

(ਪੰਨਾ—੧੩੪੩)

ਹਰੇਕ ਗਲ, ਹਰੇਕ ਚੀਜ਼, ਹਰੇਕ ਮਨੁਖ ਭਾਵ ਸਭ ਕੋਈ ਸਚ ਤੋਂ ਉਰੇ (ਨੀਵਾਂ) ਹੈ ਕਿਉਂਕਿ ਸਚ ਤਾਂ ਓਹ ਆਪ ਅਕਾਲ ਪੁਰਖ ਸ੍ਰਿਸ਼ਟੀ ਦਾ ਕਰਤਾ ਹੈ। ਬਾਕੀ ਸੰਸਾਰ ਤਾਂ ਝੂਠਾ ਹੈ—ਇਹ ਤਾਂ ਸੁਪਨੇ ਦੀ ਨਿਆਈਂ ਹੈ। ਜਿਸ ਜਗ ਨੂੰ ਮਨੁਖ ਸਚਾ ਮੰਨੀ ਬੈਠਾ ਹੈ ਇਹ ਤਾਂ ਧੂੰਏਂ ਦੇ ਪਹਾੜ ਵਾਂਗ ਹੈ। ਗੁਰੂ ਸਾਹਿਬ ਨੇ ਜਿਵੇਂ ਉਪਰ ਮਨੁਖੀ ਜੀਵਨ ਦੇ ਦਸ ਭਾਗ ਦਸੇ ਹਨ, ਇਸੇ ਤਰ੍ਹਾਂ ਮਨੁਖੀ ਉਮਰ ਨੂੰ ਵੀ ਦਸਾਂ ਹਿਸਿਆਂ ਵਿਚ ਵੰਡਿਆ ਹੈ—

ਦਸ ਬਾਲਤਣਿ ਬੀਸ ਰਵਣਿ
ਤੀਸਾ ਕਾ ਸੁੰਦਰੁ ਕਹਾਵੈ।
ਚਾਲੀਸੀ ਪੁਰੁ ਹੋਇ ਪਚਾਸੀ
ਪਗੁ ਖਿਸੈ ਸਠੀ ਕੇ ਬੋਢੇਪਾ ਆਵੈ।
ਸਤਰਿ ਕਾ ਮਤਿ ਹੀਣੁ
ਅਸੀਹਾਂ ਕਾ ਵਿਉਹਾਰੁ ਨ ਪਾਵੈ।
ਨਵੈ ਕਾ ਸਿਹਜਾਸਣੀ ਮੂਲਿ
ਨ ਜਾਣੈ ਅਪਬਲੁ।
ਢੰਢੋਲਿਮੁ ਢੂੰਢਿਮੁ ਡਿਠੁ ਮੈ
ਨਾਨਕ ਜਗੁ ਧੂਏ ਕਾ ਧਵਲਹਰੁ।

(ਪੰਨਾ—੧੩੮)

ਇਸ ਝੂਠੇ ਸੰਸਾਰ ਵਿਚ ਮਨੁਖ ਨੇ ਗੁਰੂ ਤੋਂ ਬਿਨਾਂ ਆਪਣਾ ਸਾਰਾ ਜੀਵਨ ਹੀ ਕੌਡੀ ਦੇ ਮੁਲ ਵੇਚ ਦਿਤਾ। ਜਿਸ ਕੰਮ ਲਈ ਇਹ ਇਥੇ ਆਇਆ ਸੀ, ਉਸ ਦੀ ਸੋਝੀ ਦਾ ਪਤਾ ਗੁਰੂ ਤੋਂ ਬਿਨਾਂ ਕਿਵੇਂ ਲਗੇ? ਜਦ ਇਸ ਦਾ



www.AKJ.Org

ਨਾਮ ਜਪਣ ਦਾ ਵੇਲਾ ਸੀ, ਇਸ ਨੇ ਹਾਸੇ ਖੇਡੇ ਵਿਚ ਹੀ ਸਾਰਾ ਸਮਾਂ ਗਵਾ ਦਿਤਾ, ਬੁਢਾ ਹੋਇਆ ਤਾਂ ਰਬ ਦਾ ਉਲਾਮਾ ਲਾਹੁਣ ਵਾਲੀ ਗਲ ਹੈ :—

ਬਾਰਹ ਬਰਸ ਬਾਲਪਨ ਬੀਤੇ
ਬੀਸ ਬਰਸ ਕਿਛੁ ਤਪ ਨ ਕੀਓ ।
ਤੀਸ ਬਰਸ ਕਿਛੁ ਦੇਵ ਨ ਪੂਜਾ
ਫਿਰ ਪਛੁਤਾਨਾ ਬਿਰਧਿ ਭਇਓ ।
ਮੇਰੀ ਮੇਰੀ ਕਰਤੇ ਜਨਮ ਗਇਓ ।
ਸਾਇਰੁ ਸੋਖ ਭੁਜੰ ਬਲਿਓ ।
(ਪੰਨਾ—੪੭੯)

ਇਸ ਲਈ ਕਬੀਰ ਸਾਹਿਬ ਨੇ ਵੀ ਮਨੁਖ ਨੂੰ ਸਮਝਾਇਆ ਹੈ, ਭਲਿਆ ਲੋਕਾ ਜਦ ਤਕ ਬੁਢੇਪਾ ਨਹੀਂ ਆਇਆ ਤੇ ਕਾਲ ਨੇ ਨਹੀਂ ਪਕੜਿਆ, ਉਸ ਤੋਂ ਪਹਿਲਾਂ ਨਾਮ ਜਪ ਲੈ, ਜੇ ਹੁਣ ਨ ਜਪੇਗਾ ਤਾਂ ਅੰਤ ਵੇਲੇ ਤਾਂ ਸਾਹਿਬ ਦਾ ਸਿਮਰਨ ਕਰਨਾ ਬਹੁਤ ਹੀ ਕਠਨ ਹੈ :—

ਜਬ ਲਗੇ ਜਰਾ ਰੋਗ
ਨਹੀਂ ਆਇਆ ।
ਜਬ ਲਗੁ ਕਾਲਿ
ਗ੍ਰਸੀ ਨਹੀ ਕਾਇਆ ।
ਜਬ ਲਗੁ ਬਿਕਲ ਭਈ
ਨਹੀ ਬਾਨੀ ।
ਭਜਿ ਲੇਹਿ ਰੇ ਮਨ
ਸਾਰਿਗਪਾਨੀ ।
ਅਬ ਨ ਭਜਸਿ
ਭਜਸਿ ਕਬ ਭਾਈ ।
ਆਵੈ ਅੰਤ ਨ
ਭਜਿਆ ਜਾਈ ।
(ਪੰਨਾ—੧੧੫੯)

ਜੇ ਇਸ ਜੀਵ ਤੋਂ ਤੋਂ ਪੁਛਿਆ ਜਾਵੇ, 'ਕਿਆ ਤੈ ਖਟਿਆ ਕਹਾ ਗਵਾਇਆ ?' ਤਾਂ ਇਸ ਕੋਲ ਕੋਈ ਜਵਾਬ ਨਹੀਂ ।

ਸਿਵਾਏ ਇਸ ਦੇ ਕਿ ਇਸ ਨੇ ਇਸਤਰੀ ਦੀ ਭੁਖ, ਧੀਆਂ ਪੁਤਰਾਂ ਦੀ ਭੁਖ, ਮਾਇਆ ਦੀ ਭੁਖ ਜਾਂ ਵਡਾ ਚੌਧਰੀ ਬਣਨ ਦੀ ਭੁਖ ਵਿਚ ਹੀ ਆਪਣਾ ਸਮਾਂ ਗਵਾਇਆ ਹੋਵੇ । ਇਸ ਦੇ ਪਾਪਾਂ ਦੀ ਗਿਣਤੀ ਕਰੀਏ ਵੀ ਕੀ—

ਬਾਤ ਪਾਰਿ ਘਰੁ ਮੂਸਿ
ਬਿਰਾਨੋ ਪੇਟੁ ਭਰੈ ਅਪ੍ਰਾਧੀ ॥
ਜਿਹਿ ਪਰਲੋਕ ਜਾਇ
ਅਪਕੀਰਤਿ ਸੋਈ ਅਬਿਦਿਆ ਸਾਧੀ ॥
(ਪੰਨਾ—੧੨੫੩)

ਤੁਸੀਂ ਆਪ ਹੀ ਸੋਚੋ ਜਿਸ ਬੇੜੀ ਵਿਚ ਵਟੇ ਪਾ ਦੇਈਏ ਉਸ ਨੇ ਡੁਬਣਾ ਹੀ ਹੈ—

ਪਥਰ ਕੀ ਬੇੜੀ ਜੇ ਚੜੈ
ਭਰਨਲਿ ਬੂਡਾਵੈ ।
(ਪੰਨਾ—੪੨੦)

ਪਥਰ ਦੀ ਬੇੜੀ ਨੇ ਤਾਂ ਸਮੁੰਦਰ ਵਿਚ ਡੁਬਣਾ ਹੀ ਹੈ । ਲੋਹਾ ਆਪਣੇ ਆਪ ਨਹੀਂ ਤਰ ਸਕਦਾ । ਜੇ ਕਰ ਓਹ ਕਾਠ ਦੀ ਸੰਗਤ ਕਰੇ ਤਾਂ ਤਰ ਜਾਂਦਾ ਹੈ । ਇਸੇ ਤਰ੍ਹਾਂ ਇਹ ਪਥਰ ਵਤ ਪਾਪ ਨਾਲ ਭਰੀ ਹੋਈ ਮਨੁਖ ਦੀ ਬੇੜੀ ਨੇ ਗੁਰੂ ਦੀ ਸੰਗਤ ਤੋਂ ਬਿਨਾਂ ਡੁਬਣਾ ਹੀ ਹੈ । ਹਾਂ ਜੇਕਰ ਗੁਰੂ ਦੀ ਸ਼ਰਨੀ ਆ ਜਾਏ ਤਾਂ ਸਤਿਗੁਰੂ ਜੀ ਡੁਬਦਿਆਂ ਹੋਇਆਂ ਨੂੰ ਕਢ ਸਕਦੇ ਹਨ । ਓਹ ਕਰਣ ਕਾਰਣ ਸਮਰਥ ਹਨ । ਇਸ ਸੰਸਾਰ ਵਿਚ ਚਾਰ ਪਰਕਾਰ ਦੀਆਂ ਨਦੀਆਂ ਚਲ ਰਹੀਆਂ ਹਨ । ਇਹਨਾਂ ਵਿਚ ਲੋਕੀ ਡੁਬ ਡੁਬ ਕੇ ਮਰ ਰਹੇ ।

ਹੰਸੁ ਹੇਤੁ ਲੋਭੁ ਕੋਪੁ
ਚਾਰੇ ਨਦੀਆਂ ਅਗਿ ॥
ਵਹਿ ਦਝਹਿ ਨਾਨਕਾ
ਤਰੀਐ ਕਰਮੀ ਲਗਿ ॥
(ਪੰਨਾ—੧੪੭)

ਇਹਨਾਂ ਨਦੀਆਂ ਵਿਚ ਇਕ ਜਾਂ ਦੋ ਮਨੁਖ ਨਹੀਂ ਬੇਗਿਣਤ ਜੀਵ ਡੁਬ ਰਹੇ ਹਨ—

ਡੁਬੇ ਨਾਮ ਬਿਨੁ ਘਨ ਸਾਥ ॥
ਕਰਣ ਕਾਰਣ ਚਿਤਿ ਨ
ਆਵੈ ਦੇ ਕਰਿ ਰਾਖੇ ਹਾਥ ॥
(ਪੰਨਾ - ੧੦੦੭)

———

ਇਸਤਰੀ ਪੁਰਖ ਕਾਮਿ ਵਿਆਪੈ ਜੀਉ
ਰਾਮ ਨਾਮ ਕੀ ਬਿਧਿ ਨਹੀਂ ਜਾਣੀ ॥



www.AKJ.Org

ਮਾਤ ਪਿਤਾ ਸੁਤ ਭਾਈ
ਖਰੇ ਪਿਆਰੇ ਜੀਉ
ਡੂਬਿ ਮੁਏ ਬਿਨ ਪਾਣੀ ॥
(ਪੰਨਾ—੨੪੫)

———

ਭਸਮ ਚੜਾਇ ਕਰਹਿ ਪਾਖੰਡ ।
ਮਾਇਆ ਮੋਹੁ ਸਹਹਿ ਜਮ ਡੰਡੁ ।
ਫੂਟੈ ਖਪਰ ਭੀਖ ਨ ਭਾਇ ॥
ਬੰਧਨਿ ਬਾਧਿਆ ਆਵੈ ਜਾਇ ॥
ਬਿੰਦ ਨ ਰਾਖਹਿ ਜਤੀ ਕਹਾਵਹਿ ॥
ਮਾਈ ਮਾਗਤ ਤ੍ਰੈ ਲੋਭਾਵਹਿ ॥
ਨਿਰਦਇਆ ਨਹੀ ਜੋਤਿ ਉਪਾਇ ॥
ਬਾਝ ਗੁਰੂ ਹੈ ਮੋਹੁ ਗੁਬਾਰਾ ।
ਫਿਰਿ ਫਿਰਿ ਡੁਬੈ ਵਾਰੋ ਵਾਰਾ ॥
ਸਤਿਗੁਰ ਭੇਟੇ ਸਚੁ ਦ੍ਰਿੜਾਏ ॥
ਸਚੁ ਨਾਮੁ ਮਨਿ ਭਇਆ ॥
(ਪੰਨਾ—੧੦੬੮)

ਬਾਲਕ ਬਿਰਧਿ ਨਾ ਸੁਰਤਿ ਪਰਾਨਿ ॥
ਭਰਿ ਜੋਬਨਿ ਬੂਡੇ ਅਭਿਮਾਨ ॥
ਬਿਨ ਨਾਵੈ ਕਿਆ ਲਹਸਿ ਨਿਰਾਨਿ ॥
(ਪੰਨਾ—੪੧੪)

———

ਮੁਕਦੀ ਗਲ ਗੁਰੂ ਤੋਂ ਬਿਨਾ ਜੋ ਜੀਵਨਾ ਹੈ, ਓਹ ਜੀਵਣ ਨਹੀਂ ਮੌਤ ਹੈ, ਅਸਲੀ ਜੀਵਨ ਤਾਂ ਇਸ ਸੰਸਾਰ ਵਲੋਂ ਆਪਣੀਆਂ ਆਸਾਂ ਤ੍ਰਿਸ਼ਨਾਂ ਵਾਲੀਆਂ ਰਚੀਆਂ ਨੂੰ ਮਾਰ ਕੇ ਜੀਵਣਾ ਹੈ, ਤੇ ਜੀਵਣਾ ਵੀ ਗੁਰੂ ਸ਼ਬਦ ਦੁਆਰਾ ਹੈ, ਹੋਰ ਕੋਈ ਰਾਹ ਨਹੀਂ । ਇਹ ਜਿਹੜਾ ਅਗਿਆਨਤਾ ਵਾਲਾ ਪਿਆਰ ਬਾਲਕ ਤੋਂ ਲੈ ਕੇ ਬੁਢੇ ਤਕ ਕਰਦਾ ਹੈ, ਇਸ ਦੀ ਸੋਝੀ ਗੁਰੂ ਤੋਂ ਬਿਨਾਂ ਨਹੀਂ ਆ ਸਕਦੀ । ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪ ਸਾਰੀ ਲੁਕਾਈ ਦੀ ਇਹ ਹਾਹਾਕਾਰ ਸੁਣੀ ਸੀ । ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਲਿਖਿਆ ਹੈ :—

'ਬਾਝਹੁ ਗੁਰੂ ਗੁਬਾਰ ਹੈ ਹੈ ਕਰਦੀ ਸੁਣੀ ਲੁਕਾਈ ।'

ਧਰਮ ਰੂਪ ਧਉਲ ਵੀ ਪਾਪੀਆਂ ਦਾ ਭਾਰ ਨਾ ਸਹਾਰ ਸਕਿਆ । ਉਸ ਨੇ ਵੀ ਇਹੋ ਪੁਕਾਰ ਕੀਤੀ ਸੀ—

ਬਾਝ ਗੁਰੂ ਡੁਬਾ ਜਗ ਸਾਰਾ'

ਸਾਹਿਬ ਜੀ ਨੇ ਆਪ ਸੰਸਾਰ ਦੀ ਯਾਤਰਾ ਕਰ ਕੇ ਵੇਖਿਆ ਤੇ ਲੋਕਾਂ ਨੂੰ ਸਮਝਾਇਆ ਭਾਈ ਜਿਹੜਾ ਪਿਆਰ ਤੁਸੀਂ ਕਰ ਰਹੇ ਹੋ ਇਹ ਠੀਕ ਨਹੀਂ । ਝੂਠੇ ਗੁਰੂ ਪਾਸੋਂ ਸਚਾ ਪਿਆਰ ਕਰਨਾ ਸਿਖੋ । ਗੁਰੂ ਸਾਹਿਬ ਨੇ ਦਸ ਜਾਮੇ ਧਾਰ ਕੇ ਇਸ ਗਲ ਦਾ ਬੜਾ ਭਾਰੀ ਪਰਚਾਰ ਕੀਤਾ ਕਿ ਗੁਰੂ ਤੋਂ ਬਿਨਾਂ ਪਰੇਮਾ ਭਗਤੀ ਦੀ ਪਰਾਪਤੀ ਨਹੀਂ ਹੋ ਸਕਦੀ । ਵਾਹਿਗੁਰੂ ਜੀ ਨੂੰ ਮਿਲਾਉਣ ਵਾਲਾ ਕੋਈ ਸੰਸਾਰ ਵਿਚ ਹੈ ਤਾਂ ਉਹ ਕੇਵਲ ਸਚਾ ਗੁਰੂ ਹੀ ਹੈ । ਲੋਕਾ ਨੂੰ ਸਚ ਦਾ ਉਪਦੇਸ਼ ਦਿਤਾ ਤੇ ਦੁਨੀਆਂ ਦੇ ਲੋਕਾਂ ਦੀਆਂ ਕਰਤੂਤਾਂ ਵਲ ਵੇਖਕੇ ਆਖਿਆ ਕਿ :—

ਨਾਨਕ ਮਨਮੁਖਿ ਅੰਧੁ ਪਿਆਰ ॥
ਬਾਝੁ ਗੁਰੂ ਡੁਬਾ ਸੰਸਾਰ ।
(ਪੰਨਾ—੧੩੮)

———



www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ–ਮਨੁਖੀ ਪੱਧਰ ਤੋਂ

( ਪ੍ਰੋ: ਗੁਰਮਖ ਸਿੰਘ ਜੀ, ਡੱਬਲ ਐਮ. ਏ. )

ਜਦ ਦੀ ਸ੍ਰਿਸ਼ਟੀ ਰਚਨਾ ਹੋਈ ਹੈ ਇਸ ਵਿੱਚ ਇਕ ਰੱਬੀ ਨੀਯਮ ਜੋ ਅਟਲ ਹੈ, ਕੰਮ ਕਰ ਰਿਹਾ ਹੈ। ਉਹ ਇਹ ਕਿ ਅਕਾਲ ਪੁਰਖ ਅਦ੍ਰਿਸ਼ਟ ਹੋ ਕੇ ਗੁਪਤੋਂ ਗੁਪਤ ਆਪਣੀ ਰਚਨਾਂ ਵਿੱਚ ਵਰਤਦਾ ਹੈ। ਕਦੀ ਭੀ ਇਹ ਨਹੀਂ ਦੇਖਿਆ ਗਿਆ ਜਾਂ ਸੁਣਿਆ ਗਿਆ ਕਿ ਪਰਮਾਤਮਾ ਖੁਦ ਆਪ ਮਨੁੱਖੀ ਝਗੜਿਆਂ ਨੂੰ ਨਜਿਠੇ। ਇਹ ਤਾਂ ਸਚ ਹੈ ਕਿ ਉਹ ਆਪ ਹੀ ਵਰਤ ਰਿਹਾ ਹੈ। ਪਰ ਉਹ ਸਾਡੇ ਮਨੁੱਖੀ ਪਧਰ (Human Level) ਦੇ ਵਰਤਦਾ ਹੈ। ਮਨੁੱਖ ਅਤੇ ਰੱਬ ਵਿਚਕਾਰ ਇਕ ਭਰਮ ਦੀ ਕੰਧ ਜਿਹੀ ਉਸਾਰੀ ਗਈ ਹੈ, ਜਿਸ ਵਿੱਚੇ ਦੀ ਸਾਨੂੰ ਅਕਾਲ ਪੁਰਖ ਵਾਹਿਗੁਰੂ ਆਪਣੇ ਅਸਲ ਸਰੂਪ ਵਿੱਚ ਨਹੀਂ ਦਿਸਦਾ ਬਲਕਿ ਮਨੁਖ ਦਿਸਦਾ ਹੈ ਜਾਂ ਜ਼ਾਤ-ਪਾਤ, ਉਚ ਨੀਚ ਦੇ ਭੇਦ-ਭਾਵ ਦਿਸਦੇ ਹਨ। ਪਰ "ਇਹੁ ਵਿਸੁ ਸੰਸਾਰੁ ਤੁਮ ਦੇਖਦੇ ਇਹੁ ਹਰਿ ਕਾ ਰੂਪ ਹੈ" ਇਹ ਇੰਜ ਦਿਸਿਆ ਨਹੀਂ। ਸਾਡੀ ਦ੍ਰਿਸ਼ਟੀ ਵਿੱਚ ਦੋਸ਼ ਹੈ।

ਗੁਰਬਾਣੀ ਇਸ ਭੇਦ ਭਰਪੂਰ ਸਚਾਈ ਵਲ ਇਸ਼ਾਰਾ ਕਰਦੀ ਹੈ ਕਿ ਗੁਰੂ ਨਾਨਕ ਸਾਹਿਬ ਜੀ

"ਆਪਿ ਨਾਰਾਇਣੁ ਕਲਾਧਾਰਿ ਜਗ ਮਹਿ ਪਰਵਰਿਓ"

ਪਰ ਗੁਰੂ ਬਾਬਾ ਜੀ ਦੇ "ਅਕਾਲ ਰੂਪ" ਹੁੰਦੇ ਹੋਏ ਭੀ ਅਜ ਤਕ ਸਾਨੂੰ ਭੁਲੇਖਾ ਹੀ ਪਿਆ ਰਿਹਾ। ਜਦੋਂ ਆਪ ਮਨੁੱਖਾ ਦੇਹੀ ਵਿੱਚ ਹੋਰਨਾਂ ਮਨੁੱਖਾਂ ਵਾਂਗ ਸਨ ਤਾਂ ਭੀ ਲੋਗਾਂ ਨੇ ਆਪ ਨੂੰ ਕਦੀ ਰਬ ਨਹੀਂ ਕਿਹਾ। ਸਗੋਂ ਕਈਆਂ ਨੇ ਆਪ ਨੂੰ ਮਨੁੱਖਾਂ ਵਿੱਚ ਭੀ ਗਿਣਨ ਤੋਂ ਇਨਕਾਰ ਕੀਤਾ

"ਕੋਈ ਆਖੈ ਭੂਤਨਾ ਕੋ ਕਹੈ ਬੇਤਾਲਾ ॥"

ਪਰ ਕਈਆਂ ਨੇ ਕਿਹਾ :—"ਕੋਈ ਆਖੈ ਆਦਮੀ ਨਾਨਕ ਵੇਚਾਰਾ ॥" ਅਤੇ ਅਜ ਭੀ ਕਈ ਕਹਿੰਦੇ ਹਨ ਗੁਰੂ ਨਾਨਕ ਇਕ ਮਹਾਨ ਸਮਾਜ ਸੁਧਾਰਕ ਸਨ, ਇਕ ਮਹਾਂ ਪੁਰਖ ਸਨ।

ਪਰ ਗੁਰੂ ਬਾਬਾ ਜੀ ਅੰਦਰੋਂ ਕਰਣਹਾਰ ਸਨ ਭਾਂਵੇ ਬਾਹਰੋਂ ਕੁਰਾਹੀਏ ਭੀ ਅਖਵਾਏ। ਸਿਧ ਗੋਸ਼ਟ ਅੰਦਰ ਸਿਧਾਂ ਨਾਲ ਜੋ ਵਿਚਾਰ ਵਟਾਂਦਰਾ ਹੋਇਆ ਹੈ ਉਹ ਦਸਦਾ ਹੈ ਕਿ ਸਿਧਾਂ ਨੇ ਭੀ ਆਪ ਜੀ ਨੂੰ ਨਾ ਪਛਾਣਿਆ ਭਾਂਵੇਂ ਉਹ ਕਿਡੀ ਕਰਣੀ ਵਾਲੇ ਸਨ। ਇਹ ਤਾਂ ਉਹ ਮੰਨ ਗਏ ਕਿ ਇਹ ਪੁਰਖ ਕੋਈ ਨਿਰਾਲਾ ਪੁਰਖ ਹੈ, ਪਰ ਆਪ ਦਾ "ਅਕਾਲ ਰੂਪ" ਕਦੀ ਨਹੀਂ ਦੇਖ ਸਕੇ। ਉਹਨਾਂ ਨੂੰ ਭੀ ਬਾਬਾ ਜੀ 'ਪੁਰਖ'—ਮਨੁਖ ਹੀ ਦਿਸੇ।

ਸਜਣ ਕੋਲ ਗਏ, ਮਥੇ ਤੇ ਜਲਾਲ ਨੇ ਉਸ ਨੂੰ ਸਗੋਂ ਵਧੇਰੇ ਭੁਲੇਖੇ ਵਿਚ ਪਾ ਦਿੱਤਾ ਕਿ ਇਹ ਅਮੀਰ ਹਨ। ਪਰ ਪਤਾ ਉਦੋਂ ਹੀ ਲਗਾ ਜਦੋਂ ਉਸ ਨੇ ਗੁਰੂ ਬਾਬੇ ਜੀ ਪਾਸ ਨਾਮ ਰਤਨ ਦੇ ਭਰੇ ਭੰਡਾਰ ਵੇਖੇ। ਚਰਨੀ ਲਗਾ ਤੇ ਸਜਣ ਠਗ ਤੋਂ ਸਜਣ ਬਣ ਗਿਆ। ਹਿੰਦੂ ਸਮਾਜ ਦੇ ਮੁਖ ਪੰਡਤ-ਪਾਂਧੇ ਆਪ ਨੂੰ ਸਦਾ ਕੁਰਾਹੀਆ ਦਸਦੇ ਆਏ ਹਨ। ਹੁਣ ਭੀ ਇਹੋ ਕਹਿੰਦੇ ਹਨ, ਗੁਰੂ ਬਾਬਾ ਜੀ ਨੇ ਵੇਦਾਂ ਸ਼ਾਸਤਰਾਂ ਨੂੰ ਛਿਕੇ ਟੰਗ ਕੇ ਭਾਰਤ ਵਿਚ ਪ੍ਰਚਲਤ ਫੋਕੀਆਂ ਰੀਤਾਂ ਰਸਮਾ ਤੇ ਪਖੰਡਾਂ ਦਾ ਖੰਡਨ ਕੀਤਾ।

ਮਹਾਂਰਾਜ ਜਾਣ ਬੁਝ ਕੇ "ਕਰਤਾ-ਪੁਰਖ" ਹੋਣ ਕਰਕੇ ਪਰ ਮਨੁੱਖੀ ਪੱਧਰ ਤੇ ਵਰਤਕੇ, ਕਦੀ ਤਾਂ ਮਨੁੱਖਤਾ ਨੂੰ ਸਮਝਾਉਣ ਲਈ ਪਛਮ ਵੱਲ ਮੂੰਹ ਕਰਕੇ ਆਪਣੇ ਖੇਤਾਂ ਨੂੰ ਪਾਣੀ ਦੇਣ ਲਗ ਪੈਂਦੇ, ਤੇ ਕਦੀ ਕੁਰੂਖੇਤਰ ਵਿੱਚ ਲਗੇ ਹੋਏ ਸੂਰਜ-ਗ੍ਰਹਿਣ ਦੇ ਦੌਰਾਨ ਲੰਗਰ ਤਿਆਰ ਕਰਵਾਣ ਲਗ ਜਾਂਦੇ। ਚਾਹੇ ਉਹ ਕੁਝ ਪਏ ਆਖਣ, ਨਿਰੰਕਾਰ ਜੀ ਨੂੰ ਕੀ ਪ੍ਰਵਾਹ।

ਫਿਰ ਨਿਰੰਕਾਰ ਨੂੰ ਨਿਮਾਜ਼ ਪੜ੍ਹਨ ਵਿੱਚ ਕੀ ਅੜਿਚਨ



www.AKJ.Org

ਸੀ, ਉਸਨੂੰ ਮੱਕੇ ਵਿੱਚ ਜਾ ਕੇ ਭੀ ਪਛਮ ਵੱਲ ਪੈਰ ਪਸਾਰ ਕੇ ਸੌਣ ਵਿੱਚ ਕੀਹਦਾ ਡਰ ? ਡਰਨ ਉਹ ਜੋ ਭਰਮਾਂ ਵਿੱਚ ਹਨ। ਅਕਾਲ ਰੂਪ ਨੂੰ ਕੀਹਦਾ ਡਰ ? ਉਹਨਾਂ ਨੂੰ ਤਾਂ ਪਤਾ ਹੈ—"ਏਕੋ ਆਪਿ ਵਰਤਦਾ ਪਿਆਰੇ ਘਟਿ ਘਟਿ ਰਹਿਆ ਸਮਾਇ ॥

ਪਛਾਨਣ ਵਾਲਿਆਂ ਨੇ ਪਛਾਣਿਆ ਵੀ, ਪਰ ਉਹ ਥੋੜੇ ਸਨ। ਰਾਏ ਬੁਲਾਰ ਭੁਲ ਗਿਆ ਕਿ ਉਹ ਮੁਸਲਮਾਨ ਹੈ ਜਾਂ ਹਾਕਮ ਹੈ। ਤੇ ਉਸ ਲਈ ਸਤਿਗੁਰਾਂ ਦੇ ਚਰਨਾਂ ਤੇ ਸੀਸ ਰਖਣਾ ਮੁਸਲਮਾਨੀ ਸ਼ਰ੍ਹਾ ਵਿੱਚ ਕੁਫਰ ਹੈ। ਪਰ "ਭਰਮੁ ਗਇਆ ਤਾਂ ਜਾਗਿਆ ਚੂਕਾ ਅਗਿਆਨ ਅੰਧਾਰੁ"

ਦੋਦੀ (ਕਰਤਾਪੁਰ ਰਾਵੀ) ਰੋਜ਼ਾਨਾ ਦੁਪਹਿਰੇ ਜਿਹੇ ਆਪਣੇ ਪਤੀ ਦੋਦੇ ਨੂੰ ਖੇਤ ਵਿੱਚ ਪਰਸ਼ਾਦਾ ਦੇਣ ਜਾਂਦੀ ਹੈ। ਗੁਰੂ ਮਹਾਰਾਜ ਤੇ ਮਰਦਾਨਾ ਨੂੰ ਰੋਜ਼ ਦੇਖਦੀ ਹੈ। ਦੋ ਚਾਰ ਦਿਨਾਂ ਮਗਰੋਂ ਉਸ ਦੇ ਮਨ ਵਿੱਚ ਖਿਆਲ ਆਂਉਦਾ ਹੈ। ਹਾਏ ਪਤਾ ਤਾਂ ਕਰਾਂ ਇਹ ਕੌਣ ਹਨ ਇਥੇ ਭੁੱਖੇ ਤਿਹਾਏ ਬੈਠੇ ਹਨ ਪਤਾ ਨਹੀਂ ਕਿੰਨੇ ਹੀ ਦਿਨ ਹੋ ਗਏ ਹਨ ?

ਅਗਲੇ ਦਿਨ ਉਨ੍ਹਾਂ ਦੀ ਤਾਂਘ ਰਖ ਕੇ ਦੋਦੀ ਆਪਣੇ ਖੇਤ ਤੋਂ ਮੁੜਦੀ ਹੋਈ ਕੁਝ ਦੁਧ ਆਦਿ ਇਹਨਾਂ ਸੰਤਾਂ ਦੀ ਸੇਵਾ ਲਈ ਲੈ ਕੇ ਜਾਂਦੀ ਹੈ। ਗੁਰੂ ਬਾਬਾ ਜੀ ਤਾਂ ਸਮਾਧੀ ਵਿੱਚ ਹਨ ਪਰ ਮਰਦਾਨਾ ਸੇਵਾ ਵਿੱਚ ਬੈਠਾ ਕੀਰਤਨ ਕਰਦਾ ਹੈ। ਦੋਦੀ ਨੇ ਜਾ ਮਥਾ ਟੇਕਿਆ ਤੇ ਪੁਛਦੀ ਹੈ :—

ਦੋਦੀ :—ਤੁਸੀਂ ਕੌਣ ਹੋ ਜੀ ਜੋ ਇਥੇ ਆਏ ਬੈਠੇ ਹੋ ? ਮੈਨੂੰ ਤਾਂ ਤੁਸੀਂ ਇਸ ਧਰਤੀ ਦੇ ਬੰਦੇ ਲਗਦੇ ਹੀ ਨਹੀਂ ?

ਮਰਦਾਨਾ :—ਬੀਬੀ! ਅਸੀਂ ਭੀ ਪੰਜਾਬ ਦੇਸ਼ ਦੇ ਹਾਂ। ਤੇਰੇ ਵਰਗੀ ਮੇਰੀ ਇਕ ਭੈਣ ਹੈ। ਮੇਰੇ ਮਾਤਾ ਪਿਤਾ ਹਨ। ਤੂੰ ਕੀ ਕਹਿਨੀ ਹੈਂ ਅਸੀਂ ਕੋਈ ਹੋਰ ਹਾਂ ? ਅਸਮਾਨੋਂ ਉਤਰੇ ਹਾਂ ? ਅਸੀਂ ਭੀ ਤੇਰੇ ਵਰਗੇ ਬੰਦੇ ਹੀ ਹਾਂ।

ਦੋਦੀ :—ਇਹ ਕੌਣ ਹਨ ?

ਮਰਦਾਨਾ :—ਇਹ ਰੱਬ ਦੇ ਪਿਆਰੇ ਹਨ। ਸਾਂਈ ਲੋਕ ਹਨ। ਤਲਵੰਡੀ ਦੇ ਰਹਿਣ ਵਾਲੇ ਹਨ। ਨਾਮ ਨਾਨਕ ਤਪਾ ਹੈ।

ਦੋਦੀ :—ਨਹੀਂ ਨਹੀਂ ! ਤੁਸੀਂ ਉਹ ਨਹੀਂ ਜਿਵੇਂ ਅਸੀਂ ਹਾਂ। ਜੇ ਸਾਡੇ ਵਰਗੇ ਹੁੰਦੇ ਤਾਂ ਕੁਝ ਖਾਂਦੇ ਪੀਂਦੇ,ਕਿਤੇ ਅੱਗ ਬਾਲਦੇ ਸੇਕਣ ਨੂੰ। ਮੈਂ ਕਈ ਦਿਨਾਂ ਤੋਂ ਤੁਹਾਨੂੰ ਇਸੇ ਤਰ੍ਹਾਂ ਬੈਠਿਆਂ ਹੀ ਵੇਖਦੀ ਹਾਂ। ਭਲਾ ਜੇ ਤੁਸੀਂ ਸਾਡੇ ਵਰਗੇ ਹੋ ਤਾਂ ਕਈ ਦਿਨਾਂ ਤੋਂ ਕੀ ਖਾਦਾ ?

ਮਰਦਾਨਾ :—ਬੀਬੀ ਮੈਂ ਆਪਣੇ ਸਾਂਈਂ ਨੂੰ ਵੇਖ ਵੇਖ ਕੇ ਜੀਉਂਦਾ ਹਾਂ। ਮੇਰੀ ਭੁੱਖ ਮਿਟ ਜਾਂਦੀ ਹੈ।

ਦੋਦੀ: —ਹੋਈ ਨਾ ਉਹੀ ਗੱਲ। ਮੈਂ ਤਾਂ ਅਗੇ ਭੀ ਕਹਿੰਦੀ ਸਾਂ ਤੁਸੀਂ ਸਾਡੇ ਵਰਗੇ ਨਹੀਂ। ਭਲਾ ਤੇਰੇ ਸਾਂਈ ਨੇ ਕੀ ਖਾਦਾ ਪੀਤਾ ?

ਮਰਦਾਨਾ :—ਉਹ ਤਾਂ ਇਕੋ ਨਾਮ ਦੇ ਆਧਾਰ ਤੇ ਜੀਉਂਦੇ ਹਨ। ਅਤੇ ਮੇਰੀ ਉਹਨਾਂ ਦੇ ਦਰਸ਼ਨ ਕਰਕੇ ਭੁੱਖ ਲਹਿ ਜਾਂਦੀ ਹੈ।

ਦੋਦੀ ਨੇ ਸਹੀ ਪਛਾਣਿਆ ਕਿ ਇਹ ਸੰਤ ਸਾਧਾਰਨ ਮਨੁੱਖ ਨਹੀਂ ! ਪਰ ਸਿਧਾਂ ਨਾਲੋਂ ਦੋਦੀ ਦੀ ਸਮਝ ਸ਼ਕਤੀ ਵਧੇਰੇ ਤੇਜ਼ ਨਿਕਲੀ।

ਪਰ ਜਿਸ ਨੇ ਪੁੱਤਰ ਜਾਣ ਕੇ ਚਪੇੜਾਂ ਮਾਰੀਆਂ ਉਸ਼ ਨੂੰ ਕੀ ਪਤਾ ? ਕਿ ਨਿਰੰਕਾਰ ਜੀ ਨੂੰ ਆਕਾਰ ਕਰਕੇ ਮਨੁੱਖੀ ਰੂਪ ਧਾਰਨ ਕੀਤਾ ਹੋਇਆ ਹੈ। "ਨਿਰੰਕਾਰਿ ਅਕਾਰੁ ਜੋਤਿ ਜਗ ਮੰਡਲਿ ਕਰਿਯਉ" ਹਾਂ ! ਪਛਾਣਿਆਂ ਤੇ ਖੂਬ ਪਛਾਣਿਆ ਬਾਬਾ ਬੁੱਢਾ ਜੀ ਨੇ, ਤੇ ਸਭ ਤੋਂ ਵੱਧ ਕੇ ਸ੍ਰੀ ਭਾਈ ਲਹਿਣਾ ਜੀ ਨੇ।

"ਬੁੱਢਾ ਜੀ ਕਿੰਨੀ ਰਾਤ ਬੀਤ ਗਈ ਹੈ"? ਇਕ ਵਾਰੀ ਸੱਤਿਗੁਰਾਂ ਨੇ ਪੁਛਿਆ।

"ਮਹਾਂਰਾਜ ਅੱਧੀ ਕੁ ਰਾਤ ਬੀਤ ਗਈ ਜਾਪਦੀ ਹੈ" "ਲਹਿਣਾ ਜੀ, ਕਿਤਨੀ ਰਾਤ ਬੀਤ ਗਈ ਹੈ"? ਇਹੋ ਪ੍ਰਸ਼ਨ ਸਤਿਗੁਰੂ ਜੀ ਨੇ ਲਹਿਣੇ ਜੀ ਨੂੰ ਵੀ ਪੁਛਿਆ। ਪਰ ਦੋਹਾਂ ਦੇ ਜਵਾਬ ਵਿੱਚ ਅੰਤਰ ਵੇਖੋ। ਦੋਵਾਂ ਦੀ ਪਛਾਣ ਵਿੱਚ ਫ਼ਰਕ ਦੇਖੋ।

"ਮਹਾਰਾਜ ! ਜਿੱਨੀ ਆਪ ਜੀ ਨੇ ਆਪਣੇ ਹੁਕਮ ਅੰਦਰ ਬਿਤਾਈ ਹੈ ਸੋ ਬੀਤ ਗਈ ਹੈ, ਜਿੱਨੀ ਹੁਕਮ ਅੰਦਰ ਤੁਸਾਂ ਅਜੇ ਬਿਤਾਉਣੀ ਹੈ ਸੋ ਬਾਕੀ ਹੈ।
"ਮੈਨੂੰ ਹੋਰ ਪਤਾ ਨਹੀਂ"।

ਜਿਨ੍ਹਾਂ ਪਛਾਣ ਲਿਆ ਉਹ ਮੁਰਦਾ ਖਾਣ ਤੋਂ ਭੀ ਨ ਝਿਝਕੇ, ਗਲ ਪਰਤੀਤ (Faith) ਦੀ ਹੈ। ਜਿਸ ਨੇ ਜਿਸ ਭਾਵਨਾ ਕਰਕੇ ਦੇਖਿਆ ਉਸ ਨੂੰ ਉਹੋ ਜਿਹੇ ਹੋ ਕੇ ਦਿਸੇ।

ਸਤਿਗੁਰੂ ਨੇ ਜੇਹਾ ਕੋ ਇਛਦਾ ਤੇਹਾ ਫਲ ਪਾਏ ਕੋਇ ॥



www.AKJ.Org

ਇਕ ਥਾਂ ਹੋਰ ਭੀ ਗੁਰਬਾਣੀ ਅੰਦਰ ਸੰਕੇਤ ਹੈ ਕਿ ਸਾਰੀ ਗੁਰਬਾਣੀ ਅਕਾਲ ਪੁਰਖ ਦੀ ਆਪਣੀ ਬਾਣੀ ਹੈ ਤੇ ਨਿਰੰਕਾਰ ਦੇ ਹੁਕਮ ਹਨ। ਪਰ ਕੋਈ ਜਾਣੇ ਤਾਂ। ਕੋਈ ਪਛਾਣੇ ਤਾਂ ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿੱਖਹੁ ਹਰਿ ਕਰਤਾ ਆਪਿ ਮੁਹਹੁ ਕਢਾਏ ॥

ਅਤੇ ਭਰੋਸਾ ਦਿਵਾਇਆ ਗਿਆ ਹੈ ਕਿ :—

ਸਹਜੇ ਜਿਨਿ ਪ੍ਰਭੁ ਜਾਣਿ ਪਛਾਣਿਆ ॥

ਨਾਨਕ ਨਾਮੁ ਮਿਲੈ ਮਨੁ ਮਾਨਿਆ ॥

ਫਿਰ ਮਨੁੱਖੀ ਪਧਰ ਖ਼ਤਮ ਹੋ ਜਾਂਦੀ ਹੈ ਤੇ ਮਨ ਜਾਂਦਾ ਹੈ ਕਿ ਗੁਰੂ ਨਾਨਕ ਦੇ ਦਰਸ਼ਨ ਸਮੁਚੀ ਬਾਣੀ ਵਿਚ ਹਨ। ਬਾਣੀ ਹੀ ਗੁਰੂ ਹੈ ਅਤੇ ਗੁਰੂ ਨਾਨਕ ਬਾਣੀ ਵਿੱਚ ਹੈ। ਗੁਰਬਾਣੀ ਪੜ੍ਹਨਾ ਤੇ ਵਿਚਾਰਨਾ ਗੁਰੂ ਨਾਨਕ ਦੇ ਪਰਤਖ ਦਰਸ਼ਨ ਹਨ ਪਰ ਹਨ ਮਨੁੱਖੀ ਪਧਰ ਤੇ।

———


## ਸਰਬ ਲੋਹ ਦੇ ਭਾਂਡੇ

ਅਸੀਂ ਸਰਬ ਲੋਹ ਦੇ ਵਧੀਆ ਸਿਮਰਨੇ ਖੰਡੇ (ਦਸਤਾਰ ਸਜਾਉਣ ਵਾਲੇ) ਤੇ ਜੋੜਿਆਂ ਦੇ ਨੰਬਰ ਤਿਆਰ ਕਰਦੇ ਹਾਂ। ਮਿਲਣ ਦਾ ਪਤਾ ਇਹ ਹੈ :—

ਕ੍ਰਿਪਾਲ ਸਿੰਘ, ਖਾਲਸਾ ਨਿਸ਼ਾਨ ਮੇਕਰ,
90, ਲਾਲ ਕੁਆਟਰ; ਆਜ਼ਾਦ ਨਗਰ ਮਾਰਚੀਟ,
ਲੁਧਿਆਣਾ।




www.AKJ.Org

# ਆਪ ਨੂੰ ਇਹ ਅਰਥ ਆਉਂਦੇ ਹਨ ?

(ਉਤਰਾਂ ਲਈ ਦੇਖੋ ਸਫ਼ਾ ੩੩)

੧. **ਚੀਰਾ**... ... ... ...(ੳ) ਕੋਇ ਨਾ ਜਾਣੈ ਤੇਰਾ ਕੇਵਡੁ ਚੀਰਾ ।
(ਅ) ਸਭ ਜਗੁ ਤਿਸ ਕੈ ਵਸਿ ਹੈ ਸਭ ਤਿਸ ਕਾ ਚੀਰਾ ।
(ੲ) ਧੁਰ ਫਾਟੇ ਚੀਰੇ ।
(ਸ) ਸਭ ਤਿਸ ਕੇ ਚੀਰੈ ।

੨. **ਜਉਲਾ** (ੳ) ਇਸੁ ਮਾਹੀ ਬਿਨੁ ਸਭ ਕਿਛੁ ਜਉਲਾ ।
(ਅ) ਜਬ ਇਸ ਤੇ ਇਹੁ ਹੋਇਓ ਜਉਲਾ ।

੩. **ਜੋਹੀ, ਜੋਹਿਆ**... ...(ੳ) ਪਰ ਘਰ ਜੋਹੀ ਨੀਚ ਸਨਾਤਿ ।
(ਅ) ਮਾਇਆ ਮੋਹ ਜੋਹਿਆ ਜਮਕਾਲੈ ।

੪. **ਝਾਲੂ** ... ... ... ... ਸੁਤੀ ਸੁਤੀ ਝਾਲੁ ਥੀਆ ਭਲੀ ਵਾਟੜੀ ਆਸੁ ਜੀਉ ।

੫. **ਟੋਲਿ, ਟੋਲੀ** ...... ...(ੳ) ਹਉ ਏਨੀ ਟੋਲੀ ਭੁਲੀਅਸੁ ਤਿਸੁ ਕੰਤ ਨਾ ਬੈਠੀ ਪਾਸਿ ਜੀਉ ।
(ਅ) ਇਕਤੁ ਟੋਲਿ ਨਾ ਅੰਬੜਾ ।

੬. **ਤਉਂਕਿਆ** ... ... ...ਬਲਤੋ ਜਲਤੋ ਤਉਂਕਿਆ ਗੁਰ ਚੰਦਨ ਸੀਤਲਾਇਓ ।

੭. **ਚਉ** ... ... ... ...ਤੂ ਚਉ ਸਜਣ ਮੈਡਿਆ ਡੇਈ ਸਿਸੁ ਉਤਾਰਿ ।

੮. **ਬੇਤਾ** ... ... ... ...ਬ੍ਰਹਮ ਗਿਆਨੀ ਬ੍ਰਹਮ ਕਾ ਬੇਤਾ ।

੯. **ਤੀਨੇ ਤਾਪ** ... ... ...ਤੀਨੇ ਤਾਪ ਨਿਵਾਰਣ ਹਾਰਾ ਦੁਖ ਹੰਤਾ ਸੁਖ ਰਾਸਿ ਤਾ ਕਉ ਬਿਘਨ ਨਾ ਕੋਊ ਲਾਗੈ ਜਾ ਕੀ ਪ੍ਰਭ ਆਗੈ ਅਰਦਾਸਿ ।

੧੦. **ਦਝੈ, ਦਾਝ**... ... ......(ੳ) ਆਪਣੇ ਰੋਹਿ ਆਪੇ ਹੀ ਦਝੈ ।
(ਅ) ਦਾਝ ਗਏ ਤ੍ਰਿਣ ਪਾਪ ਸੁਮੇਰਾ ।

੧੧. **ਧਕ ਧਕੇ**... ... ... ...ਚੂਕੇ ਧਕ ਧਕੇ ।

੧੨. **ਪਾਤਣੀ** .. ... ... ...ਖੜਾ ਪੁਕਾਰੇ ਪਾਤਣੀ ਬੇੜਾ ਕਪਰਵਾਤਿ ।



www.AKJ.Org

# ਤਿਮਰ ਅਗਿਆਨ ਤੋਂ ਉਜਿਆਰਾ

( ਵਲੋਂ :—ਗੁਰਪੁਰ ਵਾਸੀ ਭਾ: ਸਾ: ਭਾ: ਰਣਧੀਰ ਸਿੰਘ ਜੀ )

ਮਾਇਆ ਮੋਹ ਵਿਚ ਮਨੂਰ ਹੋਏ ਮਨ ਅਤੇ ਭਰਮ ਚਾਲ ਦੇ ਭਰਮਾਏ ਹੋਏ ਜੀਵ ਚਾਹੇ ਸ੍ਰਿਸ਼ਟੀ ਭਰ ਦੇ ਐਸ਼ਵਰਜ ਦੇ ਮਾਲਕ ਕਿਉਂ ਨਾ ਹੋ ਜਾਣ, ਘੋਰ ਅੰਧਕਾਰ ਵਿਚ ਹੀ ਭਟਕ ਰਹੇ ਹਨ। ਜੇ ਕਰ ਜੋਤ ਸਰੂਪੀ ਆਤਮਿਕ ਜੋਤ ਦੀ ਕਿਰਨ ਤਿੰਨ੍ਹਾਂ ਦੀ ਘਟ ਅੰਦਰ ਨਹੀਂ ਪ੍ਰਕਾਸ਼ੀ, ਚਤਰਾਈ ਸਿਆਣਪ ਦੇ ਮਾਯਵੀ ਮਦ ਵਿਚ ਮਤੇ ਹੋਏ ਮਗਜ਼ (ਦਿਮਾਗ) ਅਤੇ ਮਤ ਮਤਾਂਤ੍ਰਾਂ ਦੀਆਂ ਸੁਸ਼ਕ ਫ਼ਿਲਾਸਫ਼ੀਆਂ ਅਤੇ ਨਵੀਨ ਵਾ ਪਰਾਚੀਨ ਜ਼ਮਾਨੇ ਦੀ ਨਾਨਾ ਪਰਕਾਰੀ ਸਾਇੰਸ ਦੇ ਮੁਠੇ ਹੋਏ ਹਿਰਦੇ, ਚਾਹੇ ਵਿਦਿਆ ਦੇ ਭੰਡਾਰ ਹੀ ਕਿਉਂ ਨਾ ਬਣੇ ਹੋਏ ਹੋਣ, ਹਨੇਰ ਗੁਬਾਰ ਵਿਚ ਹੀ ਭੰਬਲਭੂਸੇ ਖਾ ਰਹੇ ਹਨ; ਜੇ ਕਰ ਇਕ ਅਕਾਲੀ ਜੋਤ ਦਾ ਚਮਤਕਾਰ ਓਥੇ ਨਹੀਂ ਪਿਆ। ਜੋ ਹਿਰਦੇ ਇਸ ਸਚੀ ਜੋਤ ਸਰੂਪੀ ਰੋਸ਼ਨੀ ਤੋਂ ਸਖਣੇ ਹਨ, ਜੋ ਮਨ ਆਪਣੇ ਆਤਮਕ ਸਰੂਪ ਦੀ ਲਖਤਾ ਤੋਂ ਘੁਥੇ ਹੋਏ ਹਨ; ਉਹ ਅਗਿਆਨ ਅੰਧੇਰ ਵਿਚ ਕੇਵਲ ਅੰਧੇਰੇ ਨੂੰ ਹੀ ਜੱਫਾ ਪਾਈ ਬੈਠੇ ਹਨ, ਉਥੇ ਤਿਮਰ ਅਗਿਆਨ ਹੀ ਛਾ ਰਿਹਾ ਹੈ, ਓਥੇ 'ਬਾਹਰ ਦਿਸੈ ਚਾਨਣਾ ਦਿਲ ਅੰਧਿਆਰੀ ਰਾਤਿ।' ਦੇ ਗੁਰਵਾਕ ਵਾਲਾ ਵਰਤਾਰਾ ਹੀ ਵਰਤ ਰਿਹਾ ਹੈ। ਕੈਸੀ ਕਾਲੀ ਬੋਲੀ ਰਾਤ ਵਾਲਾ ਅੰਧੇਰਾ ਹੈ।

**ਤਿਮਰ ਅਗਿਆਨ ਕੀ ਹੈ ?**

ਸਿਰਸ਼ਟੀ ਦੇ ਸਰਬ ਸਿਰਜੇ ਜੀਅ ਜੰਤਾਂ ਤੋਂ ਸਰਬ ਸਰੇਸ਼ਟ (ਅਸ਼ਰਫੁਲ-ਮੁਖਲੂਕਾਤ) ਅਖਵਾਉਣ ਵਾਲਾ ਚਤਰਾਈ ਦਾ ਪੁੰਜ ਮਾਨੁਖ ਇਸ ਆਤਮਕ ਲਖਤਾ ਤੋਂ ਊਰਾ ਹੀ ਰਹੇ। ਕਿ ਮੈਂ ਕੀ ਹਾਂ ? ਮੇਰਾ ਸਰੂਪ ਕੀ ਹੈ? ਮੇਰਾ ਮੂਲ ਕੀ ਹੈ ? ਕਥਨੀ ਦੁਆਰਾ ਏਸ ਅਵਸਥਾ ਨੂੰ ਕਥਿ ਕੇ ਤਾਂ ਬਥੇਰੇ ਹੰਭ ਹਾਰ ਹਟੇ ਹਨ, ਪਰ 'ਕਥਨੀ ਕਹਿ ਭਰਮੁ ਨਾ ਜਾਈ। ਸਭ ਕਥਿ ਕਥਿ ਰਹੀ ਲੁਕਾਈ' ਗੁਰਵਾਕ ਦੇ ਭਾਵ ਅਨੁਸਾਰ ਨਿਰੀ ਕਥਨੀ ਹੀ ਕਥਨੀ ਰਹੀ ਹੈ। ਉਸ ਸਰੂਪ ਦੀ ਵਾਸਤਵੀ ਲਖਤਾ ਉਸ ਅਕਾਲੀ ਜੋਤ ਦਾ ਅਨਭਵੀ ਪ੍ਰਕਾਸ਼ ਨਹੀਂ ਹੋ ਸਕਿਆ। ਆਪਣਾ ਅਸਲ ਸਰੂਪ ਜੋਤ ਸਰੂਪੀ ਸਰੂਪ ਨਹੀਂ ਚੀਨਿਆ ਗਿਆ। 'ਤਾਂਤੇ ਕਹੁ ਨਾਨਕ ਬਿਨੁ ਆਪਾ ਚੀਨੇ ਮਿਟੇ ਨਾ ਭਰਮ ਕੀ ਕਾਈ' ਦੇ ਗੁਰਵਾਕ ਦੇ ਭਾਵ ਅਨੁਸਾਰ ਭਰਮ ਹੀ ਭਰਮ ਰਿਹਾ। ਕੇਹਾ ਭਿਆਨਕ ਅੰਧੇਰਾ ਹੈ ਕਿ ਭਰਮ ਦੀ ਭ੍ਰਾਂਤੀ ਵਿਚ ਹੋਂਦਿਆਂ ਭੀ ਭਰਮ ਅੰਧੇਰਾ ਨਾ ਭਾਸ ਸਕੇ। ਏਹ ਭਰਮ ਅੰਧੇਰਾ, ਇਹ ਤਿਮਰ ਅਗਿਆਨ ਸਾਰੇ ਜਗਤ ਪਰ ਛਾਇਆ ਦੇਖ ਕੇ ਕੇਵਲ ਇਸ ਤਿਮਰ ਅਗਿਆਨੀ ਰੂਪੀ ਭਰਮ ਅੰਧੇਰੇ ਨੂੰ ਦੂਰ ਕਰਨ ਹਿਤ ਹੀ 'ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ' ਜੀ ਨੇ ਤਿਮਰ ਅਗਿਆਨ ਦੇ ਹੜ੍ਹ ਵਿਚ ਹੜ੍ਹੇ ਜਾਂਦੇ ਸੰਸਾਰ ਨੂੰ ਉਬਾਰਨ ਲਈ ਕਲੀ ਕਾਲ ਵਿਖੇ ਆਣਕੇ ਅਵਤਾਰ ਧਾਰਿਆ ਅਤੇ ਧੁੰਧ ਗੁਬਾਰ ਵਿਚ ਧੁੰਧਲਾਏ ਸੰਸਾਰ ਦੇ ਧੁੰਦ ਰੋਗ, ਭਰਮ ਅੰਧ ਰੋਗ, ਤਿਮਰ ਅਗਿਆਨ ਰੋਗ ਨੂੰ ਦੂਰ ਕਰਨ ਲਈ ਅਜੇਹਾ ਅਧਿਭੁਤ ਅੰਜਨ ਅਮਰ ਕਲਾ ਦੁਆਰਾ ਵਰਸਾ ਕੇ ਧੁੰਦ ਰੋਗ ਦੇ ਆਤੁਰ ਅੰਧ ਅਗਿਆਨੀ ਸੰਸਾਰੀਆਂ ਪ੍ਰਤੀ ਨਿਛਾਵਰ ਕੀਤਾ ਕਿ ਜਿਸ ਔਖਧ ਸੰਪੰਨ ਅਮਰ ਕਲਾ ਨੇ ਸੁਗਮ ਹੀ ਭਰਮ ਦੇ ਛਉੜ ਕਟ ਦਿਤੇ। ਏਸ ਅਮਰ ਕਲਾ ਪ੍ਰਕਾਸ਼ਕ ਅਤੇ ਤਿਮਰ ਅਗਿਆਨ ਬਿਨਾਸ਼ਕ ਨਿਰੰਜਨ ਅੰਜਨੀ ਔਖਧੀ (ਦਾਰੂ) ਨੂੰ ਰਿਦੇ ਰੂਪੀ ਨੇਤਰਾਂ ਅੰਦਰ ਸਿੰਚ ਕੇ ਰੋਗੀ ਸੰਸਾਰ ਦਾ ਅਗਿਆਨ ਰੋਗ ਚੱਕ ਦਿਤਾ। ਆਹਾ ! ਕੇਹੀ ਅਸਚਰਜ ਔਖਧੀ ਹੈ ! ਕੇਹਾ ਅਦੁਤੀ ਅੰਜਨ ਹੈ ! ਜਿਸ ਨੂੰ ਗੁਰੂ ਸਰੂਪ ਅੰਮ੍ਰਿਤ ਬਾਣੀ 'ਸਤਿਗੁਰ ਨਾਨਕ ਦੇਵ' ਰੂਪੀ ਗੁਰੂ ਸਰੂਪ ਸੋਮੇਂ ਵਿਚੋਂ ਨਿਕਲੀ ਹੋਈ ਬਾਣੀ ਇਸ ਬਿਧ ਵਰਨਣ ਕਰਦੀ ਹੈ।

**ਗੁਰੂ ਨਾਨਕ ਦੇਵ ਜੀ ਦੇ ਅਵਤਾਰ ਦਾ ਕਾਰਨ**



www.AKJ.Org

ਯਥਾ—'ਸੰਸਾਰ ਰੋਗੀ ਨਾਮੁ ਦਾਰੂ' ਤਥਾ 'ਨਾਮ ਅੰਜਨ ਗਿਆਨ ਬਿੰਜਨ' ਬਸ ਇਹ ਅਲੌਕਿਕ ਅੰਜਨ, ਇਹਅਧਿਭੁਤ ਔਖਧੀ (ਦਾਰੂ) ਨਾਮ ਹੈ। ਜਿਸ ਅਮਰ ਪਦਾਰਥ ਦੇ ਭੁੰਚਿਆਂ ਅਤੇ ਰੋਗੀ ਦੇ ਰਿਦੇ ਰੂਪੀ ਰਿਦਆਕਰ ਅੰਦਰ ਸਿੰਚਤ ਹੋਇਆ ਅਗਿਆਨ ਅੰਧੇਰੇ ਦਾ ਬਿਨਾਸ ਅਤੇ ਕੋਟ ਸੂਰਜ ਦੇ ਉਜਿਆਰਾਂ ਸਮ ਦਿੱਬ ਜੋਤ ਦਾ ਪ੍ਰਕਾਸ਼ ਹੋ ਜਾਂਦਾ ਹੈ ਯਥਾ ਗੁਰਵਾਕ— 'ਨਾਮ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮ ਅੰਧੇਰਾ' ਏਹ ਪ੍ਰੀਖਿਆ ਹੈ ਭਰਮ ਅੰਧੇਰਾ ਬਿਨਸਨ ਦੀ! ਏਹ ਸਚੀ ਪਛਾਣ ਹੈ ਤਿਮਰ ਅਗਿਆਨ ਦੇ ਬਿਨਾਸ ਦੀ। ਜਦ ਤੀਕ ਜਗਿਆਸੂਆਂ ਦੇ ਹਿਰਦੇ ਅੰਦਰ ਉਸ ਦਿੱਬ ਜੋਤ ਦੇ ਪਰਕਾਸ਼ ਦਾ ਉਜਾਲਾ ਸਚ ਮੁਚ ਕੋਟ (ਕਰੋੜ) ਸੂਰਜਾਂ ਦੇ ਚਾਨਣੇ ਵਤ ਪਸਰਤ ਹੋ ਕੇ ਇਸ ਬਿਧ ਜਗਿਆਸੂਆਂ ਦੇ ਘਟਾਂ ਅੰਦਰ ਗਿਆਨ ਰੂਪੀ ਸਚਾ ਚਾਨਣਾ ਨਹੀਂ ਖਿੜਦਾ (ਵਿਗਸਦਾ) ਜੈਸੇ ਕਿ 'ਚਾਂਦਨ ਗ੍ਰਿਹਿ ਹੋਇ ਅਧੇਰੈ' ਦੇ ਗੁਰਵਾਕ ਦਾ ਭਾਵ ਦਸਦਾ ਹੈ, ਤਦ ਤੀਕਰ ਘੋਰ ਅੰਧਕਾਰ ਹੀ ਅੰਧਕਾਰ ਹੈ। ਪਰ ਐਵੇਂ ਕਥਨੀ ਬਦਨੀ ਦੁਆਰਾ ਏਹ ਉਜਾਲਾ ਉਦਿਤ ਨਹੀਂ ਹੋ ਸਕਦਾ। ਬਸ 'ਨਾਮ' ਕੇਵਲ ਨਾਮ ਦੁਆਰਾ ਹੀ ਐਸਾ ਹੋਣਾ ਸੰਭਵ ਹੈ।

**ਤਿਮਰ ਅਗਿਆਨ ਤੋਂ ਉਜਿਆਰ**

ਨਾਮ ਕੇਵਲ ਨਾਮ ਦੁਆਰਾ ਦਿਬ ਜੋਤਿ ਦੀ ! ਲਖਤਾ ਕੋਟ ਸੂਰਜਾਂ ਦੇ ਉਜਿਆਰੇ ਸਮ ਪ੍ਰਕਾਸ਼ਤ ਜੋਤ ਦੀ ਲਖਤਾ ਪ੍ਰਾਪਤ ਹੁੰਦੀ ਹੈ। ਇਸ ਲਖਤਾ ਦਾ ਅਰਥ ਚੁੰਚ ਗਿਆਨੀਆਂ ਵਾਲੇ ਕਥਨੀ ਮਾਤਰ ਹੀ ਨਹੀਂ। ਅਨਮਾਨਤਾ ਐਵੇਂ ਕਹਿਣੀ ਹੀ ਹੈ। ਇਹ ਲਖਤਾ ਤਾਂ ਉਸ ਕੋਟ ਸੂਰਜਾਂ ਦੇ ਉਜਿਆਰੇ ਸਮ ਝਿਲਮਿਲਕਾਰ ਕ੍ਰਾਂਤੀ ਪ੍ਰਕਾਸ਼ਤ ਜੋਤ ਦਾ ਸਾਗੋਪਾਂਗ ਦਿਦਾਰ ਦਾ ਸਾਪੇਖਛ ਦਰਸ਼ਨ ਹੈ। ਏਸ ਅਲੌਕਿਕ ਨਾਮ ਪਦਾਰਥ ਦਾ ਫੁਹਾਰਾ ਕਿਥੋਂ ਫੁਟਿਆ ? ਉਸ 'ਸੱਚੇ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ' ਰੂਪੀ ਸੱਚੇ ਸੋਮੇ ਤੋਂ ਜਿਸ ਦੇ ਅਵਤਾਰ ਧਾਰਨ ਦੇ ਸੁਭਾਗ ਦਿਹਾੜੇ ਦਾ ਗੁਰਪੁਰਬ ਸਦਾ ਮਨਾਇਆ ਜਾਂਦਾ ਹੈ।

ਏਹ ਗੁਰਪੁਰਬ ਮਨਾਵਣ ਦੀਆਂ ਸਾਰੀਆਂ ਖੁਸ਼ੀਆਂ ਕੇਵਲ ਉਸ ਸੁਭਾਗ ਦਿਹਾੜੇ ਦੀ ਯਾਦਗਰ ਵਿਚ ਹਨ, ਜਿਸ ਦਿਨ ਕਿ ਜੋਤ ਸਰੂਪ, ਪ੍ਰਕਾਸ਼ ਸਰੂਪ ਜੋਤ ਅਤੇ ਆਪਣੇ ਜੋਤ ਸਰੂਪੀ ਪ੍ਰਕਾਸ਼ ਦੁਆਰਾ ਸੰਸਾਰ ਭਰ ਦਾ ਤਿਮਰ ਅਗਿਆਨ ਬਿਨਾਸ ਕਰਨ ਹਾਰ ਜੋਤ, ਨਾਮ ਦੀ ਕਲਾ ਵਰਤਾ ਕੇ ਕੋਟਾਨ ਕੋਟ ਸੂਰਜਾਂ ਦੇ ਝਲਕਾਰ ਸ਼ਾਰਖੇ ਚਮਤਕਾਰ ਨੂੰ ਸਾਖਸ਼ਾਤ ਕਰਾਵਨ ਹਾਰੀ ਜੋਤ ਅਰਥਾਤ ਗੁਰੂ, 'ਸ੍ਰੀ ਗੁਰੂ ਨਾਨਕ ਦੇਵ ਜੀ' ਨੇ ਪਹਿਲੇ ਜਾਮੇ ਵਿਚ ਆਣ ਕੇ ਇਸ ਭਵਿ ਭੂਮੀ ਉਤੇ ਆਪਣੇ (ਨਿਜ-ਸਰੂਪ) ਨੂੰ ਪ੍ਰਗਾਸਿਆ। ਅਜੇਹੇ ਜੋਤ ਗੁਰੂ ਦੇ ਪਰਗਟ ਹੋਣ ਦਾ ਦਿਹਾੜਾ ਕੋਈ ਆਵਾਗਾਉਣ (ਮਾਮੂਲੀ) ਦਿਹਾੜਾ ਨਹੀਂ ਇਹ ਸੱਚੇ ਪਰਕਾਸ਼ ਦਾ ਦਿਹਾੜਾ ਹੈ। ਇਸ ਦਿਨ ਤੋਂ ਹੀ ਕੂੜ ਦੀ ਪਾਲ ਨੂੰ ਤੋੜ ਕੇ ਸੱਚ ਦੀ, ਸਚੇ ਗਿਆਨ ਦੀ ਪਹੁ ਫੁਟਣ ਲੱਗੀ ਹੈ। ਇਸ ਦਿਨ ਤੋਂ ਹੀ ਅਗਿਆਨ ਦੇ ਭਰਮ ਅੰਧੇਰੇ ਦੀ ਧੁੰਧ ਮਿਟਣ ਲਗੀ ਹੈ। ਖਾਸ ਉਹ ਦਿਨ ਤਾਂ ਵਿਸ਼ੇਸ਼ ਕਰਕੇ ਇਉਂ ਸੁਭਾਗਾ ਅਤੇ ਪੂਜਨੀਕ ਹੈ ਕਿ ਉਸ ਦਿਨ ਨਾਮ ਦਾ ਛੱਟਾ ਦੇ ਕੇ ਸੰਸਾਰ ਭਰ ਵਿਚ ਸਚਾ ਪ੍ਰਕਾਸ਼ ਕਰਨਹਾਰੀ "ਅਕਾਲੀ ਮੂਰਤ" ਦਾ ਆਪਣੀ ਜਗਮਗ ਜੋਤ ਵਿਚ ਜਗ ਕੇ ਪ੍ਰਕਾਸ਼ ਸਰੂਪ ਜੋਤ ਦੇ ਸੋਮੇ ਸਰੂਪੀ ਸਚੇ ਸੂਰਜ ਦਾ ਉਦੈ ਹੋਣਾ ਹੋਇਆ ਹੈ। ਜਿਸ ਸੂਰਜ ਰੂਪੀ ਸੋਮੇ ਤੋਂ ਨਿਕਸ ਕੇ ਪ੍ਰਕਾਸ਼ੀ ਨਾਮ ਰੂਪੀ ਕਿਰਣ ਦਾ ਉਜਿ-ਆਰਾ (ਚਾਨਣਾ) ਹੀ ਕੋਟ ਸੂਰਜਾਂ ਦੇ ਉਜਿਆਰੇ ਸਮ ਹੈ। ਤਾਂ ਉਸ ਸੋਮੇ ਸਰੂਪ ਸਚੇ ਸੂਰਜ ਉਜਿਆਰੇ ਦੀ ਸੋਭਾ ਤਾਂ ਕੇਤਕ ਵਰਨਣ ਹੋ ਸਕਦੀ ਹੈ। ਕੋਟਾਨ ਕੋਟ ਸੂਰਜਾਂ ਦਾ ਚੜ੍ਹਨਾ ਗੁਰੂ ਰੂਪੀ ਸਚੇ ਸੂਰਜ ਦੇ ਪ੍ਰਕਾਸ਼ (ਉਦੇ ਹੋਣ) ਦੇ ਸਾਹਮਣੇ ਸਚਮੁਚ ਤੁਛ ਮਾਤਰ ਹੈ ਜਿਹਾ ਕਿ ਇਹ ਵਾਕ ਭੀ ਪ੍ਰੋੜਤਾ ਕਰਦਾ ਹੈ। ਯਥਾ—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨ ਘੋਰ ਅੰਧਾਰ ॥

'ਸਉ' ਅਤੇ 'ਹਜਾਰ' ਦੇ ਪਦਾਂ ਤੋਂ ਭਾਵ ਅਣਗਿਣਤ ਦਾ ਹੈ। ਜਦ ਕਿ ਗੁਰੂ ਬਿਹੂਣ ਅਣਗਿਣਤ ਸੂਰਜਾਂ ਦੇ ਹੁੰਦਿਆਂ ਤਾਂ ਘੋਰ ਅੰਧਾਰ ਹੀ ਰਹਿੰਦਾ ਹੈ। ਤਦ ਇਸ ਭਵਿ ਭੂਮੀ ਉਤੇ ਇਕ ਸੂਰਜ ਦੇ ਹੁੰਦਿਆਂ ਪਰ ਗੁਰੂ ਬਿਹੂਣ ਕਿਤਨਾ ਕੁ ਘੋਰ ਅੰਧਾਰ ਹੋਵੇਗਾ। ਗੁਰੂ ਦੇ ਪ੍ਰਗਟ ਹੋਣ ਤੋਂ ਪਹਿਲਾਂ ਇਸ ਭਵਭੂਮੀ ਉਤੇ ਮਹਾਂ ਘੋਰ ਗੁਬਾਰ ਹੋਣ ਵਿਚ ਰੰਚਕ ਭੀ ਸੰਦੇਹ ਨਹੀਂ ਹੋ ਸਕਦਾ, ਪਰ ਇਸ ਸਚੇ ਸੂਰਜ ਦੇ ਲਵੇ ਕੋਟ ਸੂਰਜ ਭੀ ਨਹੀਂ ਲਗਦੇ, ਤਿਸ ਸਚ ਪ੍ਰਕਾਸ਼ ਦੇ ਸੋਮੇਂ ਗੁਰੂ ਰੂਪੀ ਸਚੇ ਸਰਜ ਦੇ ਪ੍ਰਗਟ ਹੋਣ ਪਰ ਇਸ ਭਵ ਭੂਮੀ ਉਤੇ ਕਿਤਨਾ ਕੁ ਚਾਨਣ ਹੋਇਆ ਹੋਊ। ਸਚਮੁਚ ਧੁੰਧ ਗੁਬਾਰ ਅਤੇ ਘੋਰ ਅੰਧਾਰ



www.AKJ.Org

ਨਿਰਮਲ ਉਜਿਆਰਾ ਅਤੇ ਜਗਤ ਭਰ ਵਿਖੇ ਦਿਬ ਅਤੇ ਦੈਵੀ ਚਾਨਣੇ ਦਾ ਸਚਾ ਚਾਨਣ ਵਰਤ ਗਿਆ ਹੋਊ । ਕੀ ਇਸ ਮਹਾਂ ਵਾਕ ਦੀ ਸਚਿਆਈ ਉਤੇ ਸੰਦੇਹ ਉਪਜ ਸਕਦਾ ਹੈ ਕਿ—

'ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣ ਹੋਆ ।'

ਅਜੇਹੇ ਸਚੇ ਸਤਿਗੁਰੂ ਦੀ ਯਾਦਗਾਰ ਵਿਚ ਗੁਰਪੁਰਬ ਕਿਉਂ ਨਾ ਮਨਾਏ ਜਾਵਣ । ਇਸ ਯਾਦਗਾਰ ਵਿਚ ਗੁਰਪੁਰਬ ਮਨਾਵਣ ਦਾ ਅਸਲੀ ਅਤੇ ਮੁਖ ਮਨੋਰਥ ਕੀ ਹੈ ? ਆਉ ਜ਼ਰਾ ਮਿਲ ਕੇ ਵਿਚਾਰੀਏ । ਸਤਿਗੁਰ ਨਾਨਕ ਦੇਵ ਜੀ ਦੇ ਪ੍ਰਗਟਣ

## ਗੁਰਪੁਰਬ ਮਨਾਉਣ ਦਾ ਪਰਯੋਜਨ ਕੀ ਹੈ

ਦਾ ਪਰਮ ਪ੍ਰਯੋਜਨ ਜੋ ਹੈ ਸੀ ਸੋਈ ਅਸਾਡੇ ਪੁਰਬ ਮਨਾਵਣ ਦਾ ਮੁਖ ਮੰਤਵ ਹੋਣਾ ਚਾਹੀਦਾ ਹੈ । ਆਉ ਜ਼ਰਾ ਵਿਚਾਰੀਏ ਕਿ ਗੁਰੂ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਆਏ ਤਾਂ ਕਿਸ ਕਾਰਨ ਕਰਕੇ ਆਏ ? ਕੀ ਉਹਨਾਂ ਦਾ ਆਵਣਾ ਚੁਰਾਸੀ ਦੇ ਜੀਵਾਂ ਵਲ ਸੀ ? ਕੀ ਉਹਨਾਂ ਦਾ ਅਵਤਾਰ ਧਾਰਨ ਕਰਨਾ ਆਮ ਅਵਤਾਰਾਂ ਵਤ ਸੀ? ਨਹੀਂ ਹਰਗਿਜ਼ ਨਹੀਂ ! ਸਤਿਗੁਰ ਨਾਨਕ ਦੇਵ ਦੇ ਅਵਤਾਰ ਧਾਰਨ ਦੇ ਪ੍ਰਯੋਜਨ ਦੀ ਅਲੌਕਿਕਤਾ ਅਤੇ ਵਿਲੱਖਣਤਾ ਹੇਠ ਲਿਖਿਆ ਗੁਰਵਾਕ ਇਸ ਬਿਧ ਗਾਂਵਦਾ ਹੈ ਅਤੇ ਗਾਉ ਕੇ ਨਿਰੂਪਨ ਕਰਾਉਂਦਾ ਹੈ । ਯਥਾ —

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰ ਉਪਕਾਰੀ ਆਏ ॥
ਜੀਅ ਦਾਨ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥

ਆਮ ਅਵਤਾਰਾਂ ਵਤ ਗੁਰੂ ਜੀ ਨਿਜ ਦੇ ਬਖੇੜਿਆਂ ਅਥਵਾ ਮਨ ਮੰਨੀ ਚਸਕ ਬਾਜ਼ੀਆਂ ਹਿਤ ਜੁਧ ਜੰਗ ਦੇ ਦੰਗਲ ਦੁਗਾੜੇ ਅਥਵਾ ਰਾਸ ਲੀਲਾ ਦੇ ਮੰਗਲ ਅਖਾੜੇ ਰਚਨ ਨਹੀਂ ਸਨ ਆਏ, ਨਾ ਹੀ ਹੋਰ ਆਚਾਰਯਾਂ ਤੇ ਸੁਧਾਰਕਾਂ ਦੀ ਨਿਆਈਂ ਆਪਣੇ ਨਾਮ ਨੂੰ ਨਸ਼ਰ ਪ੍ਰਸਿਧ ਕਰਨ ਆਏ ਸਨ । ਸਤਿਗੁਰੂ ਨਾਨਕ ਦੇਵ ਜੀ ਆਏ ਤਾਂ ਪਰ ਉਪਕਾਰੀ ਆਏ' ਅਰਥਾਤ ਪਰ ਉਪਕਾਰ ਹਿਤ ਆਏ । ਪਰ ਉਪਕਾਰ ਭੀ ਕੇਹੜਾ ! ਕਿ ਜੀਅ ਦਾਨੁ ਦੇਇ ਭਗਤੀ ਲਾਇਨ ॥'' ਨਾਮ ਰੂਪੀ ਸਚੇ ਧਨ ਦਾ ਸਚਾ ਆਤਮਿਕ ਦਾਨ ਦੇਕੇ ਸੰਸਾਰ ਭਰ ਦੇ ਪ੍ਰਾਣੀਆਂ ਨੂੰ ਭਗਤੀ ਵਿਖੇ ਲਾਵਣਾ ਗੁਰੂ ਜੀ ਦਾ ਪਰ ਉਪਕਾਰ ਸੀ । ਵਾਹ ! ਕਿਆ ਸੋਹਣਾ ਪਰਮ ਪਵਿਤਰ ਅਤੀ ਅਲੌਕਿਕ ਪਰਉਪਕਾਰ ਹੈ । ਏਹ ਗੁਰਮਤੁ ਪਰਉਪਕਾਰ ਹੈ । ਏਹ ਗੁਰਮਤ ਪਰਉਪਕਾਰ ਦਾ ਸਚਾ ਸਰੂਪ ਹੈ । 'ਦਾਨ ਭੀ ਜੀਆ ਦਾਨੁ' ਨਾਮ ਰੂਪੀ ਸਚੇ ਧਨ ਦਾ ਅਖੁਟ ਆਤਮਿਕ ਦਾਨ ਲੋਕ ਪਰਲੋਕ ਵਿਖੇ ਸੰਗ ਸਾਥ ਨਿਭਣ ਵਾਲਾ ਪਰਮਾਰਥੀ ਦਾਨ । ਜੈਸਾ ਕਿ ਇਹ ਹਰਿ ਧਨ ਜੀਐ ਸੇਤੀ ਰਵਿ ਰਹਿਆ ਜੀਐ ਨਾਲੈ ਜਾਇ ਗੁਰਵਾਕ ਦੇ ਆਸ਼ੇ ਤੋਂ ਸਿਧ ਹੈ ਇਸ ਦੈਵੀ ਦਾਨ ਦੁਆਰਾ ਭਗਤੀ ਦੇ ਪਰੇਮ ਰਸ ਵਿਚ ਰੰਗ ਕੇ ਪ੍ਰਾਣੀਆਂ ਦਾ ਉਧਾਰ ਕਰਨ ਦੇ ਕਾਰਨ ਗੁਰੂ ਜੀ ਦਾ ਪਰ ਉਪਕਾਰ ਇਕ ਪਰਮ ਸਰੇਸ਼ਟ ਅਤੇ ਸਰਬੋਤਮ ਪਰਉਪਕਾਰ ਹੈ । ਜੇਹੜਾ ਕਿ ਕਿਸੇ ਪੀਰ ਪੈਗੰਬਰ, ਵਲੀ ਔਲੀਏ ਅਥਵਾ ਅਵਤਾਰ ਤੋਂ ਨਹੀਂ ਬਣ ਆਇਆ । ਜੇ ਕੋਈ ਕਹਿ 'ਜੀਅ ਦਾਨੁ ਦੇ ਭਗਤੀ ਲਾਇਨ' ਰੂਪੀ ਪਰਉਪਕਾਰ ਤੋਂ ਪਰਾਨੀਆਂ ਨੂੰ ਗੁਰੂ ਜੀ ਨੇ ਪ੍ਰਾਪਤ ਕੀ ਕਰਾਇਆ ? ਤਾਂ 'ਹਰਿ ਸਿਉਂ ਲੈਨਿ ਮਿਲਾਏ' ਦਾ ਅਗਲੇਰਾ ਪਦਾ ਦਸਦਾ ਹੈ ਕਿ ਉਕਤ ਪ੍ਰੇਮ ਭਗਤੀ ਰੂਪ ਪਰਉਪਕਾਰ ਦੁਆਰਾ ਗੁਰੂ ਜੀ ਨੇ ਪਰਮੇਸ਼ਰ ਪ੍ਰਾਪਤੀ ਦੀ ਪਰਮ ਪਦਵੀ ਨੂੰ ਪੁਚਾਇਆ । ਏਸ ਧਰਮ ਪਦ ਦਾ ਪਰਾਣੀਆਂ ਪਰਤੀ ਪਰਕਾਸ਼ਣਾ ਅਰਥਾਤ ਪਰਾਪਤ ਕਰਾਵਣਾ ਹੀ ਸ੍ਰੀ ਸਤਿਗੁਰੂ ਜੀ ਦੇ ਅਵਤਾਰ ਧਾਰਨ ਦਾ ਪਰਮ ਪਰਯੋਜਨ ਸੀ । ਸੋ ਅਸਾਡੇ ਗੁਰਪੁਰਬ ਮਨਾਵਣ ਦਾ ਮੁਖ ਮਨੋਰਥ ਭੀ ਏਹੋ ਹੀ ਹੋਣਾ ਚਾਹੀਦਾ ਹੈ ਕਿ ਅਸੀਂ ਗੁਰੂ ਜੀ ਦੇ ਆਗਮਨ ਦੇ ਪਰਮ ਪਰਯੋਜਨ ਨੂੰ ਪਰੇਮ-ਪੂਰਬਕ ਯਾਦ ਕਰਦੇ ਹੋਏ ਪਰੇਮਾ ਭਗਤੀ ਵਿਖੇ ਲੀਨ ਹੋਈਏ ਤੇ ਹਰਿ ਪ੍ਰੀਤਮ ਦੇ ਮਿਲਾਪ ਦੇ ਪਰਮ ਪਦ ਦੀ ਪਰਾਪਤੀ ਹੋਵੇ । ਬਸ ਗੁਰਾਂ ਦੇ ਪਾਏ ਇਨ੍ਹਾਂ ਪਰਮਾਰਥੀ ਪੂਰਨਿਆਂ ਅਨੁਸਾਰ ਪਰਸਪਰ ਮਿਲ ਕੇ ਪਰੇਮ ਕਰਨਾ ਗੁਰਪੁਰਬ ਮਨਾਵਣ ਦਾ ਅਸਲ ਅੱਤ ਪੂਰਨ ਤਾਤਪਰਜ ਹੈ ਏਹੋ ਹੀ ਗੁਰੂ ਜੀ ਦੇ ਪਰਉਪਕਾਰ ਦਾ ਯਾਦ ਕਰਨਾ ਹੈ । ਇਸ ਬਿਧ ਭਾਉ ਭਗਤੀ ਸਹਿਤ ਹੀ ਗੁਰਸਿਖਾਂ ਦਾ ਗੁਰਪੁਰਬ ਮਨਾਵਣਾ ਲੇਖੇ ਪੈਂਦਾ ਹੈ । ਤਦੇ ਹੀ ਤਾਂ ਭਾਈ ਗੁਰਦਾਸ ਜੀ ਨੇ ਗੁਰਪੁਰਬ ਮਨਾਵਣ ਹਾਰਿਆਂ ਦੀ ਮਹਿਮਾ ਵਰਨਣ ਕੀਤੀ ਹੈ ਕਿ ਕੁਰਬਾਨੀ ਤਿਨਾਂ ਗੁਰਸਿਖਾਂ ਭਾਇ ਭਗਤ ਗੁਰਪੁਰਬ ਕਰੰਦੇ ।

ਬਸ, ਭਾਉ ਭਗਤੀ ਦੇ ਰੰਗ ਵਿਚ ਮਾਣਿਆ ਗੁਰਪੁਰਬ ਹੀ ਪਰਵਾਨ ਪੈਂਦਾ ਹੈ । ਪਰੰਤੂ ਪੁਰਬ ਮਨਾਵਣ ਦਾ ਆਮ ਰਿਵਾਜ ਦਸਦਾ ਹੈ ਕਿ ਗੁਰਪੁਰਬ ਇਸ ਮਨੋਰਥ ਲਈ ਨਹੀਂ ਮਨਾਏ ਜਾਂਦੇ । ਜੇ ਇਉਂ ਮਨਾਏ ਜਾਣ ਤਾਂ ਗੁਰਾਂ ਦੇ ਐਨ ਓਸੇ



www.AKJ.Org

ਵਕਤ ਉਥੇ ਜੋਤ ਸਰੂਪੀ ਪਰਤੱਖ ਦਰਸ਼ਨ ਦਿਦਾਰੇ ਪ੍ਰਾਪਤ ਹੋਣ ਵਿਚ ਰੰਚਕ ਭੀ ਸੰਦੇਹ ਨਹੀਂ । ਜਿਸ ਜੋਤ ਨੂੰ ਜਗਾ ਕੇ ਅਤੇ ਜਿਸ ਦਿਬ ਸਰੂਪ ਨੂੰ ਧਾਰਨ ਕਰਕੇ ਗੁਰੂ ਜੀ ਜਗਤ ਉਤੇ ਪ੍ਰਗਟ ਹੋਏ ਸਨ ! ਪਰੰਤੂ ਪ੍ਰਿਥਮ ਤਾਂ ਇਸ ਜੋਤ ਪਰਕਾਸ਼ੀ ਦਰਸ਼ਨ ਦੀ ਪਰਤੀਤ ਹੀ ਪਰਾਣੀ ਨੂੰ ਬਹੁਤ ਵਿਰਲੀ ਅਤੇ ਥੋਹੜੀ ਹੈ । ਇਸ ਪਰਤੀਤ ਸੰਯੁਕਤ ਭਾਉ ਭਗਤੀ ਕਰਨਾ ਅਤੇ ਗੁਰੂ ਦੇ ਗੁਣ ਗਾਵਣਾ ਹੀ ਥਾਉ ਪੈਂਦਾ ਹੈ । ਯਥਾ ਗੁਰਵਾਕ—

"ਜਿਸ ਨੂੰ ਪਰਤੀਤ ਹੋਵੈ ਤਿਸ ਕਾ ਗਾਵਿਆ ਥਾਇ
ਪਵੈ ਸੋ ਪਾਵੈ ਦਰਗਹ ਮਾਨ ॥ ਜੋ ਬਿਨ ਪਰਤੀਤੀ
ਕਪਟੀ ਕੂੜੀ ਕੂੜੀ ਅਖੀ ਮੀਟਦੇ ਤਿਨ ਕਾ ਉਤਰਿ
ਜਾਇਗਾ ਝੂਠੁ ਗੁਮਾਨੁ ॥"

ਜਿਨ੍ਹਾਂ ਨੂੰ ਦਰਸ਼ਨ ਦੀ ਪਰਤੀਤ ਹੀ ਨਹੀਂ, ਉਹਨਾਂ ਨੂੰ ਦਰਸ਼ਨ ਦੀ ਚਾਹ, ਦਰਸ਼ਨ ਦੀ ਸਿੱਕ ਭੀ ਨਹੀਂ, ਤਿਨਾਂ ਨੂੰ ਦਰਸ਼ਨ ਦੀ ਪ੍ਰਾਪਤੀ ਕਿਥੇ ? ਤਿਨਾਂ ਦਾ ਗੁਰੂ ਗੁਣ ਗਾਵਣਾ ਭਾਓ ਭਗਤੀ ਕਮਾਵਣਾ ਅਤੇ ਗੁਰਪੁਰਬ ਮਨਾਵਣਾ ਕਿਸ ਲੇਖੇ ? ਦਰਸ਼ਨ ਦੇ ਇਸ ਸਿੱਕ ਭਿੰਨੇ ਮਨੋਰਥ ਨੂੰ ਮੁਖ ਰਖੇ ਬਿਨਾਂ ਕਿਸੇ ਹੋਰ ਦੂਤੀ ਮਨੋਰਥ ਨੂੰ ਮੁਖ ਰਖ ਕੇ ਗੁਰਪੁਰਬ ਮਨਾਵਣਾ ਗੁਰੂ ਸੇਤੀ ਕਪਟ ਕਮਾਵਣਾ ਹੈ । ਕੀ ਇਹ ਕਪਟ ਨਹੀਂ ? ਕਿ ਉਂਜ ਤਾਂ ਅਖੀਂ ਮੀਟ ਮੀਟ ਕੇ ਇਸ ਬਿਧ ਮਧੁਰ ਸੁਰ ਦੁਆਰਾ ਅਲਾਪਨ ਕੀਤਾ ਜਾਵੇ ਕਿ 'ਸਤਿਗੁਰੂ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ ।' ਪਰੰਤੂ ਗੁਰੂ ਦੇ ਜਗਤ ਵਿਖੇ ਚਾਨਣਾ ਕਰਨ ਵਾਲੇ ਦਰਸ਼ਨ, ਗੁਰੂ ਦੇ ਧੁੰਧ ਮਿਟਾਵਨ ਵਾਲੇ ਦਰਸ਼ਨ ਦੀ ਸਿੱਕ ਭਿੰਨੀ ਪ੍ਰਤੀਤ ਭੀ ਨਾ ਉਪਜੀ ਹੋਵੇ । ਗੁਰਬਾਣੀ ਗਾਵਣਾ ਗੁਣੀ ਦਾ ਗੁਣਾਨਵਾਦ ਕਰਨਾ ਹੈ । ਗੁਣ ਅਤੇ ਗੁਣੀ ਵਿਚ ਭੇਦ ਨਹੀਂ । ਭੇਦ ਹੈ ਤਾਂ ਗੁਣਾਨਵਾਦ ਕਰਨਹਾਰੇ ਦੀ ਬਿਰਤੀ ਕਰਕੇ ਹੈ ਜੇ ਬਿਰਤੀ ਗੁਣਾਂ ਵਿਚ ਲੀਨ ਨਹੀਂ ਹੋਈ ਤਾਂ ਗੁਣੀ ਦੇ ਸਰੂਪ ਦੀ ਲਖਤਾ ਕਿਥੋਂ ? ਪਰੰਤੂ ਗੁਣ ਗਾਇਨ ਦੁਆਰਾ ਹੀ ਓੜਕ ਬਿਰਤੀ ਦੀ ਲੀਨਤਾ ਅਤੇ ਗੁਣੀ ਦੀ ਲਖਤਾ ਸੰਭਵ ਹੈ । ਏਹੋ ਤਾਂ ਗੁਰਬਾਣੀ ਅੰਦਰ ਚੁੰਭਕ ਸ਼ਕਤੀ ਵਾਲਾ ਅਸਰ ਹੈ । ਤਦ ਹੀ ਤਾਂ ਕਲੀ ਕਾਲ ਵਿਖੇ ਕੀਰਤਨ ਪਰਧਾਨ ਰਖਿਆ ਗਿਆ ਹੈ ਅਤੇ ਏਸੇ ਕਰਕੇ ਹੀ ਗੁਰੂ ਵਲੋਂ ਗੁਰਸਿਖ ਪ੍ਰਤੀ ਇਹ ਹੁਕਮ ਹੈ ਕਿ—

ਗੁਰਬਾਣੀ ਗਾਵਹੁ ਭਾਈ ॥
ਓਹ ਸਫਲ ਸਦਾ ਸੁਖਦਾਈ ॥

ਗੁਰਬਾਣੀ ਦਾ ਗਾਵਣਾ ਤਾਂ ਹਰ ਹਾਲਤ ਵਿਚ ਸਫਲ ਸੁਖਦਾਇਕ ਹੈ । ਇਸ ਨੇ ਓੜਕ ਨੂੰ ਫਲਦਾਇਕ ਜ਼ਰੂਰ ਹੋਣਾ ਹੈ। ਆਹਲੀ ਕਦ ਨਹੀਂ ਜਾਣਾ । ਪਰ ਏਤਨਾ ਵਿਚਾਰ ਲੈਣਾ ਤਾਂ ਅਸਾਡਾ ਆਪਣਾ ਧਰਮ ਹੈ ਕਿ ਜਿਨ੍ਹਾਂ ਗੁਣਾਂ ਨੂੰ ਗੁਰਬਾਣੀ ਗਾਉਂਦੀ ਹੈ, ਉਹ ਗੁਣੀ ਪਰਮਾਤਮਾ ਦੇ ਹਨ । ਤਿਸ ਗੁਣੀ ਨੂੰ ਮੁਖ ਰੱਖਕੇ ਗੁਣ ਗਾਵਣਾ ਹੀ ਗੁਣਕਾਰੀ ਹੈ । ਗੁਰਬਾਣੀ ਗਾਉਣ ਲਗੇ ਗੁਣਾਂ ਵਲ ਬਿਰਤੀ ਨਾ ਦੇਣਾ, ਗੁਣੀ ਤੇ ਗੁਣਾਂ ਨੂੰ ਕਥਾਉਂ ਘਟਾਉਣਾ ਹੈ । ਗੁਰਬਾਣੀ ਗਾਉਂਦੇ ਹੋਏ ਬਿਰਤੀ ਨੂੰ ਗੁਰਬਾਣੀ ਵਿਚ ਨਾ ਰਖਣਾ ਦਸਦਾ ਹੈ ਕਿ ਅਸਾਡੀ ਬਿਰਤੀ ਦੇ ਸਨਮੁਖ ਕੋਈ ਹੋਰ ਸਰੂਪ ਹੈ ਜੋ ਗੁਣੀ ਦੇ ਸਰੂਪ ਤੋਂ ਭਿੰਨ ਹੈ । ਇਹ ਗੁਣੀ ਦੀ ਅਨਿੰਨ ਉਪਾਸ਼ਨਾ ਨਹੀਂ, ਸਗੋਂ ਦੁਰੰਗੀ, ਦੁਚਿਤੀ ਦੁਬਾਜਰੀ, ਦੁਤੀਏ ਭਾਵ ਮੇਲ ਮਿੱਸ ਵਾਲੀ ਪਾਜਲ ਉਪਾਸਨਾ ਹੈ । ਗੁਰ ਦੀ ਅਨਿੰਨ ਭਗਤੀ, ਸਚੀ ਪਰੇਮਾ ਭਗਤੀ ਨਹੀਂ । ਤਦ ਦਰਸ਼ਨ ਦਾ ਚਮਤਕਾਰ ਕਿਉਂ ਕਰ ਪ੍ਰਾਪਤ ਹੋਵੇ ?

**ਦਰਸਨ ਕਿਵੇਂ ਹੋਵੇ ?**

ਗੁਰ ਦਰਸ਼ਨ ਦੀ ਪਰਾਪਤੀ ਨੂੰ ਪਰਤੀਤ ਸੰਯੁਕਤ ਅਤੇ ਸਿਕ ਪੂਰਬਕ ਗੁਰਬਾਣੀ ਅਤੇ ਨਾਮ ਸੰਗ ਇਕ ਤਾਰ ਜੁਟੇ ਰਹਿਣਾ ਜੋਤ ਸਰੂਪੀ ਦਿਬ ਜੋਤ ਦੇ ਦਰਸ਼ਨਾਂ ਦੇ ਪ੍ਰਾਪਤ ਕਰਾਵਣ ਨੂੰ ਅਵੱਸ਼ ਸਮਰੱਥ ਹੈ ਜੋ ਸਦੀਵੀ ਨਾਮ ਜਪਦੇ ਹਨ, ਤਿਨ੍ਹਾਂ ਦੇ ਘਟ ਵਿਖੇ ਤਾਂ ਗੁਰੂ ਦੀ ਜਾਗਤ ਜੋਤ ਹਰ ਦਮ ਹੀ ਜਾਗਦੀ ਹੈ । ਉਹ ਤਾਂ ਹਰ ਦਮ ਸਰਬ ਸਮੇਂ ਸਰਬ ਥਾਂ ਹੀ ਦਰਸ਼ਨਾਂ ਦੀ ਮਸਤੀ



www.AKJ.Org

**'ਗਤ ਜੋਤ ਦਾ ਦਰਸ਼ਨ**

ਵਿਚ ਮਸਤ ਹਨ ਅਤ ਨਾਮ ਦੇ ਰੰਗ ਵਿਚ ਰੰਗੇ ਜਾ ਕੇ ਨਾਮੀ ਨਾਲ ਅਭੇਦ ਰਪ ਹੋ ਰਹੇ ਹਨ ਪ੍ਰੀਤਮ ਦੇ ਪ੍ਰਕਾਸ਼ ਦੇ ਪਰਤਵੇਂ ਪ੍ਰਕਾਸ਼ ਅਤੇ ਪ੍ਰਕਾਸ਼ ਦੀ ਜੋਤ ਦੇ ਪ੍ਰਤਾਪ ਕਰਕੇ ਜੋਤਿ ਰਸ ਭਿੰਨੇ ਅਤੇ ਦਰਸ-ਜੋਤ ਭਿੰਨੜੇ ਲੋਇਣ ਅਗੇ ਉਜਿਆਰਾ ਹੈ। ਬਾਣੀ ਤੇ ਨਾਮ ਨਾਲ ਨੇਹੁ ਜੋੜਨ ਨਾਲ ਜੋਤ ਦੀ ਕਿਰਣ ਪ੍ਰਕਾਸ਼ ਪੈਂਦੀ ਹੈ ਅਤੇ ਫੇਰ ਜਿਉਂ ਜਿਉਂ ਏਹ ਨੇਹ ਵਧਦਾ ਜਾਂਦਾ ਹੈ ਤਿਉਂ ਤਿਉਂ ਜੋਤ ਵੀ ਪਸਰਦੀ ਜਾਂਦੀ ਹੈ। ਇਸ ਬਿਧ ਨਾਮ ਦੀ ਲਾਗ ਲਾ ਕੇ ਜੋਤ ਸਰੂਪ ਪਾਰਸ ਸਤਿਗੁਰ ਨੇ ਅਨੇਕਾਂ ਹੀ ਪਰਾਣੀਆਂ ਨੂੰ ਸਚੀ ਪ੍ਰਕਾਸ਼ ਸਰੂਪ ਜੋਤ ਦਾ ਉਜਿਆਰਾ ਬਖਸ਼ਿਆ ਅਤੇ ਹੁਣ ਭੀ ਬਖਸ਼ਣਹਾਰ ਹੈ। ਅਗਾਹਾਂ ਨੂੰ ਭੀ ਬਖਸ਼ਣ ਜੋਗ ਹੈ ਉਸ ਸੱਚੀ ਜੋਤ ਦਾ ਉਸ ਸਚੇ ਪ੍ਰਕਾਸ਼ ਦਾ ਜਿਨ੍ਹਾਂ ਨੂੰ ਉਜਿਆਰਾ ਨਹੀਂ ਹਇਆ, ਓਹ ਗੁਰਪੁਰਬ ਦਿਹਾੜੇ ਤਾਂ ਜੋਤ ਦਾ ਸਚਾ ਰੰਗ, ਮਜੀਠੀ ਰੰਗ ਚਾੜ ਲੈਣ, ਚਾੜ੍ਹਨ ਦਾ ਹੀਲਾ ਕਰਕੇ ਹੀ ਦੇਖ ਲੈਣ ਹੋਰ ਨਹੀਂ ਤਾਂ ਨਾਮ ਨਾਲ ਹੀ ਨੇਹੁ ਲਾਕੇ ਪਰਤਿਆ ਲੈਣ, ਪਰ ਨਾਮ ਨਾਲ ਜੁਟਣ ਤੋਂ ਪਹਿਲਾਂ ਵਿਚਾਰ ਕੇ ਏਹ ਭੀ ਦੇਖ ਲੈਣ, ਕਿ ਅਜਿਹੇ ਦੈਵੀ ਦਰਸ਼ਨਾਂ ਦੇ ਤਾਈਂ ਇਕ ਵਾਰ ਆਪਾ ਅਰਪਣਾ ਜ਼ਰੂਰ ਪੈਂਦਾ ਹੈ। ਗੁਰੂ ਨਾਨਕ ਦੇਵ ਜੀ ਆਪਣੇ ਗੁਰਮੁਖ ਪਿਆਰਿਆਂ ਅਤੇ ਭਾਣੇ ਅੰਦਰ ਆਇਆਂ ਨਾਮ ਦੇ ਸੇਵਨਹਾਰ ਸਿਖ ਸੇਵਕਾਂ ਨੂੰ ਸਾਂਵੇ ਹੀ ਪਰਗਟ ਹਨ ਗੁਰਪੁਰਬ ਦਾ ਦਿਨ ਤਾਂ ਤਿਨ੍ਹਾਂ ਸੁਹਾਗਵੰਦੇ ਸੁਰਜਨਾਂ ਦੇ ਸਮੀਪੀ ਮਿਲਾਪ ਦਾ ਦਿਹਾੜਾ ਹੈ ਜੋ ਭਾਉ ਭਗਤੀ ਦੇ ਵਿਚ ਗੀਧੇ ਹੋਏ ਸਤਿਗੁਰ ਨਾਨਕ ਦੇਵ ਦੇ ਉਸ ਦੈਵੀ ਦਰਸ਼ਨ ਨੂੰ ਸਿੱਕਾਂ ਭਰੀ ਲਿਵਤਾਰ ਸਹਿਤ ਲੋਚ ਰਹੇ ਹਨ। ਜਿਸ ਚਮਕਦੇ ਦਰਸ਼ਨ ਦੇ ਸਰੂਪ ਵਿਚ ਗੁਰੂ ਜੀ ਦੀ ਦਿਬ ਜੋਤਿ ਅਜ ਦੇ ਦਿਨ ਭਵਿ ਭੂਮੀ ਵਿਖੇ ਅਵਤਰੀ ਸੀ। ਜਿਸ ਦੇ ਝਲਕਾਰ ਨੇ ਬਿਜਲੀ ਵਾਲਾ ਚਮਤਕਾਰ ਸੂਰਜ ਮੁਖ ਫੁਲ ਵਤ ਪਰਕਾਸ਼ ਕੇ ਦਰਸ਼ਨ ਅਧਿਕਾਰੀ ਪ੍ਰੇਮੀਆਂ ਨੂੰ ਇਕ ਵਾਰ ਫਿਰ ਨਿਖਰਵਾਂ ਕਰਕੇ ਅਤੇ ਨਿਖਾਰ ਕੇ ਦਿਖਾ ਦੇਣਾ ਹੈ। ਪਰੰਤੂ ਤਿਮਰ ਅਗਿਆਨੀ ਦੀ ਘੁਘੂ ਦ੍ਰਿਸ਼ਟੀ ਨੇ ਅਗੇ ਵਾਂਗੂੰ ਚੁੰਧਿਆ ਜਾਣਾ ਹੈ ਅਤੇ ਚੁੰਧਿਆਏ ਹੀ ਰਹਿਣਾ ਹੈ।

ਸਤਿ ਸ੍ਰੀ ਅਕਾਲ।

---


# ਕਿਰਪਾਨਾਂ

ਸੁੰਦਰ ਤੇ ਮਜ਼ਬੂਤ ਸ੍ਰੀ ਸਾਹਿਬਾਂ (ਗਾਤਰੇ ਵਿਚ ਪਾਉਣ ਵਾਲੀਆਂ) ਹੇਠ ਲਿਖੇ ਪਤੇ ਤੋਂ ਮੰਗਵਾ ਸਕਦੇ ਹੋ। ਮਿਆਨ ਸਰਬ ਲੋਹ ਯਾ ਪਿਤਲ ਦੀ ਸੁੰਦਰ ਵੇਲ ਵਾਲੇ ਮਿਲ ਸਕਦੇ ਹਨ।

ਇੰਦਰਜੀਤ ਸਿੰਘ,
ਕਿਰਪਾਨਾਂ ਵਾਲੇ
2 ਅਜੀਤ ਨਗਰ, ਅੰਮ੍ਰਿਤਸਰ,




www.AKJ.Org

# ਸ਼ਬਦ ਅਵਤਾਰ ਦਸਾਂ ਗੁਰੂਆਂ ਦੀ ਆਤਮਕ ਜੋਤ
# ਪ੍ਰਤੱਖ ਗੁਰੂਆਂ ਦੀ ਦੇਹ
# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ
# ਬਜ਼ਾਰਾਂ ਵਿੱਚ ਵਿਕਣਾ ਘੋਰ ਬੇਅਦਬੀ ਹੈ
# ਬੇਅਦਬੀ ਨੂੰ ਰੋਕਣ ਦਾ ਉਪਰਾਲਾ ਕਰਨ ਲਈ
# ਕੁਝ ਸੁਝਾਅ

(ਵਲੋਂ :—ਇੰਦਰ ਸਿੰਘ ਗੁਲਾਟੀ, ਗੋਬਿੰਦ ਨਗਰ, ਅੰਬਾਲਾ ਛਾਉਣੀ)

ਦਾਸ ਨੂੰ ਬਹੁਤ ਚਿਰ ਤੋਂ ਗੁਰਮੁਖ ਪਿਆਰਿਆਂ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿੱਤਰ ਬੀੜਾਂ ਸ੍ਰੀ ਅਮ੍ਰਿਤਸਰ ਜੀ ਤੋਂ ਲਿਆਉਣ ਦਾ ਅਵੱਸਰ ਮਿਲਦਾ ਰਿਹਾ ਹੈ, ਪਰ ਦੁਕਾਨਦਾਰਾਂ ਪਾਸ ਜਾ ਕੇ ਪ੍ਰਤੱਖ ਗੁਰੂਆਂ ਦੀ ਦੇਹ ਦੀ ਸੌਦੇ ਬਾਜ਼ੀ ਹੁੰਦੀ, ਅਤੇ ਸ਼ਰਧਾਲੂਆਂ ਨੂੰ ਗਾਹਕ ਸਮਝ ਕੇ ਮੁੱਲ ਘੱਟ ਵੱਧ ਹੁੰਦਾ ਵੇਖਕੇ, ਪਵਿਤਰ ਬੀੜਾਂ ਨੂੰ ਛੋਟੇ ਛੋਟੇ ਰੁਮਾਲਿਆਂ ਵਿਚ ਲਪੇਟ ਕੇ ਆਮ ਪੁਸਤਕਾਂ ਵਾਂਗ ਅਲਮਾਰੀਆ ਵਿੱਚ ਬਿਨਾਂ ਸਤਿਕਾਰ ਦੇ ਰੱਖੀਆਂ ਹੋਈਆਂ ਵੇਖ ਕੇ ਹਿਰਦਾ ਕੰਬ ਜਾਂਦਾ ਹੈ। ਇਸੇ ਹੀ ਗੁਰੂ ਰਾਮਦਾਸ ਜੀ ਮਹਾਰਾਜ ਦੀ ਨਗਰੀ ਵਿੱਚ ਸ੍ਰੀ ਹਰੀਮੰਦਰ ਸਾਹਿਬ ਵਿਖੇ ਜਿਵੇਂ ਅਦਬ ਅਤੇ ਸਤਿਕਾਰ ਨਾਲ ਸੁੰਦਰ ਪਾਲਕੀ ਵਿੱਚ ਬਰਾਜਮਾਨ ਕਰਕੇ ਹਜ਼ਾਰਾਂ ਸੰਗਤਾਂ ਸੰਖ ਪੂਰਦੀਆਂ ਸ਼ਬਦ ਪੜ੍ਹਦੀਆਂ ਸ਼ਾਹਾਨਾ ਠਾਠ ਬਾਠ ਨਾਲ ਲੈ ਜਾਂਦੀਆਂ ਹਨ। ਇਹ ਵੀ ਦਰਸ਼ਨ ਕਰਨ ਦਾ ਅਵਸਰ ਪ੍ਰਾਪਤ ਹੁੰਦਾ ਰਿਹਾ ਹੈ।

ਪਵਿੱਤਰ ਬੀੜਾਂ ਦਾ ਬਜ਼ਾਰਾਂ ਵਿੱਚ ਇਸ ਢੰਗ ਨਾਲ ਮੁੱਲ ਵਿਕਣਾ ਵੇਖ ਕੇ ਦਾਸ ਦਾ ਮਨ ਅਤਿਅੰਤ ਦੁਖੀ ਹੁੰਦਾਂ ਰਿਹਾ ਹੈ।

ਨਵੰਬਰ ੧੯੭੦ ਨੂੰ ਜਦੋਂ ਕਿ ਸ੍ਰੀ ਗੁਰੂ ਨਾਂਨਕ ਦੇਵ ਜੀ ਦਾ ਪਵਿੱਤਰ ਗੁਰਪੁਰਬ ਸੰਗਤਾਂ ਵੱਲੋਂ ਗੁਰਦੁਆਰਾ ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਮਨਾਇਆ ਜਾ ਰਿਹਾ ਸੀ ਦਾਸ ਪਾਸੋਂ ਨਾ ਰਿਹਾ ਗਿਆ। ਸੰਗਤਾਂ ਦੇ ਇਸ ਭਾਰੀ ਇਕੱਠ ਵਿਚ ਸਟੇਜ ਉੱਤੇ ਅੱਪਣੇ ਮਨ ਦਾ ਵਲਵਲਾ ਪ੍ਰਗਟ ਕੀਤਾ ਅਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਾਰੇ ਸਿੱਖ ਜਗਤ ਦੇ ਚਰਨਾਂ ਵਿਚ ਅਰਦਾਸ ਕੀਤੀ ਕਿ ਇਸ ਘੋਰ ਬੇਅਦਬੀ ਨੂੰ ਛੇਤੀ ਰੋਕਿਆ ਜਾਵੇ।

ਪਵਿੱਤਰ ਬੀੜਾਂ ਨੂੰ ਸਿਰਫ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਹੀ ਸਾਰੇ ਜਗਤ ਨੂੰ ਬਿਨਾਂ ਕਿਸੇ ਮੋਖ ਤੋਂ ਅਦਬ ਸਤਿਕਾਰ ਨਾਲ ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਸਪੈਸ਼ਲ ਮੋਟਰ ਗੱਡੀ ਦੁਆਰਾ ਥਾਂ ਥਾਂ ਲੋੜ ਵੰਦਾਂ ਨੂੰ ਇੱਛਾ ਪ੍ਰਗਟ ਕਰਨ ਤੇ ਪੁਚਾਉਣ ਦਾ ਪ੍ਰਬੰਧ ਕੀਤਾ ਜਾਵੇ।

ਦਾਸ ਦੀ ਇਸ ਆਵਾਜ਼ ਨੂੰ ਸੰਗਤਾਂ ਨੇ ਜੈਕਾਰਿਆਂ ਦੁਆਰਾ ਸ਼ਲਾਘਾ ਯੋਗ ਸਮਝਿਆ ਅਤੇ ਦਾਸ ਨੂੰ ਪੂਰਾ ਪੂਰਾ ਸਹਿਯੋਗ ਦੇਣ ਦੀ ਪ੍ਰਵਾਨਗੀ ਵੀ ਦਿੱਤੀ ਗਈ।



www.AKJ.Org

ਕੁਝ ਦਿਨਾਂ ਤੋਂ ਪਿਛੋਂ ਪੰਜ ਦਸੰਬਰ ੧੯੭੦ ਦੇ 'ਮਾਸਿਕ ਪੱਤਰ ਸੂਰਾ' ਪਟਿਆਲਾ ਵਿਚ ਇੱਕ ਲੇਖ ਗੁਰਮੁਖ ਪਿਆਰੇ ਡਾਕਟਰ ਪ੍ਰੀਤਮ ਸਿੰਘ ਜੀ ਦਸੂਹਾ ਜ਼ਿਲਾ ਹੁਸ਼ਿਆਰਪੁਰ ਦਾ ਪੜ੍ਹਿਆ ਜੋ ਦਾਸ ਦੇ ਵਿਚਾਰਾਂ ਨਾਲ ਮਿਲਦਾ ਜੁਲਦਾ ਸੀ। ਦਾਸ ਦਾ ਹੌਸਲਾ ਹੋਰ ਵਧ ਗਿਆ। ਫੇਰ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੇ ਸਮਾਗਮ ਤੇ ਇਸੇ ਗੁਰਮੁਖ ਪਿਆਰੇ ਵੱਲੋਂ ਪ੍ਰਕਾਸ਼ਤ ਪੈਂਫਲਟ ਅਤੇ ਸ਼੍ਰੋਮਣੀ ਕਮੇਟੀ ਨੂੰ ਬਿਨੈ ਪੱਤਰ ਅੱਖਾਂ ਸਾਹਮਣੇ ਆਏ ਅਤੇ ਹਿਰਦਾ ਬਹੁਤ ਖੁਸ਼ ਹੋਇਆ ਕਿ ਸਤਿਗੁਰ ਦੀ ਕ੍ਰਿਪਾ ਨਾਲ ਹੁਣ ਇਸ ਪਵਿਤਰ ਕੰਮ ਨੂੰ ਅਰੰਭਣ ਦਾ ਸਮਾਂ ਨੇੜੇ ਆ ਚੁਕਾ ਹੈ।

ਫਿਰ ੧੫ ਅਗਸਤ ੧੯੭੧ ਨੂੰ ਦਾਸ ਨੇ ਗੁਰਦੁਆਰਾ ਗੋਬਿੰਦ ਨਗਰ ਅੰਬਾਲਾ ਛਾਉਣੀ ਦੇ ਰੈਣ ਸਬਾਈ ਕੀਰਤਨ ਦੇ ਭੋਗ ਤੋਂ ਉਪਰੰਤ ਸਿੰਘਾਂ ਦੇ ਭਾਰੀ ਇਕੱਠ ਵਿਚ ਫਿਰ ਇਹੀ ਇੱਛਾ ਪ੍ਰਗਟ ਕੀਤੀ ਕਿ ਸਾਡਾ ਗੁਰੂ ਸਮਰਥ ਜਾਗਦੀ ਜੋਤ ਪ੍ਰਤੱਖ ਗੁਰੂਆਂ ਦੀ ਦੇਹ ਜਿਸ ਦਾ ਨਿਵਾਸ ਅਸਥਾਨ ਸ੍ਰੀ ਅਮ੍ਰਿਤਸਰ ਵਿਖੇ ਸੋਨੇ ਦੇ ਪਵਿਤਰ ਹਰੀਮੰਦਰ ਸਾਹਿਬ ਵਿਖੇ ਹੈ। ਉਸੇ ਹੀ ਸਰੂਪ ਨੂੰ ਬਜ਼ਾਰ ਦੇ ਵਿਚ ੪੫—੫੦ ਰੁਪਏ ਵਿਚ ਮੁਲ ਵੇਚਿਆ ਜਾਂਦਾ ਹੈ। ਇਹ ਮਾਨੋ ਸਾਰੇ ਸਿੱਖ ਜਗਤ ਦੇ ਮੱਥੇ ਤੇ ਕਲੰਕ ਦਾ ਟਿੱਕਾ ਹੈ। ਇਸ ਵਾਸਤੇ ਜੇ ਸ਼੍ਰੋਮਣੀ ਕਮੇਟੀ ਨੂੰ ਇਸ ਕਾਰਜ ਦੇ ਕਰਨ ਵਿਚ ਕੁਝ ਰੁਕਾਵਟਾਂ ਹਨ ਤਾਂ ਆਪਾਂ ਰਲ ਕੇ ਪੰਜ ਗੁਰਮੁਖ ਪਿਆਰੇ ਉੱਚੇ ਅਤੇ ਸੁੱਚੇ ਜੀਵਨ ਵਾਲੇ ਮਾਇਆ ਤੋਂ ਰਹਿਤ ਰਹਿਣੀ ਬਹਿਣੀ ਸਹਿਣੀ ਵਾਲੇ ਸੱਜਣਾਂ ਦਾ ਇਕ ਟਰਸਟ ਬਣਾ ਕੇ ਕਿਸੇ ਯੋਗ ਅਸਥਾਨ ਤੇ ਇੱਕ ਬਹੁਤ ਭਾਰਾ ਪ੍ਰੈਸ ਲਗਵਾ ਕੇ ਬਿਨਾਂ ਮੋਖ ਤੋਂ ਪਵਿੱਤਰ ਬੀੜਾਂ ਪੁਚਾਉਣ ਦਾ ਪ੍ਰਬੰਧ ਕਰੀਏ। ਸਭ ਤੋਂ ਪਹਿਲਾਂ ਇਸ ਟਰਸਟ ਦੀ ਮਾਇਕ ਸੇਵਾ ਕਰਨ ਲਈ ਦਾਸ ਵੱਲੋਂ ਪੰਜਾਹ ਹਜ਼ਾਰ ਰੁੱਪਏ ਅਰਦਾਸ ਕਰਵਾਏ ਜਾਣ ਦਾ ਪ੍ਰਣ ਕੀਤਾ ਜਾਂਦਾ ਹੈ। ਦਾਸ ਦੀ ਇਸ ਤੀਬਰ ਇੱਛਾ ਦੀ ਸਾਰੀ ਸੰਗਤ ਅਤੇ ਸਮੂਹ ਅਖੰਡ ਕੀਰਤਨੀ ਜੱਥਿਆਂ ਨੇ ਜੈਕਾਰਿਆਂ ਦੀਆਂ ਗੂੰਜਾਂ ਦੁਆਰਾ ਸਲਾਘਾ ਕੀਤੀ।

ਇਸ ਕੰਮ ਨੂੰ ਕਰਨ ਲਈ ਬਹੁਤ ਸਾਰੇ ਗੁਰਮੁਖਾਂ ਨੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਵਿਸ਼ਵਾਸ ਦੁਆਇਆ।

ਇਸ ਤੋਂ ਪਿਛੋਂ ੨੩ ਅਗਸਤ ੭੧ ਨੂੰ ਜਦੋਂ ਅੰਬਾਲਾ ਛਾਉਣੀ ਦੀ ਗ੍ਰੰਥੀ ਅਤੇ ਰਾਗੀ ਸਭਾ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਉਤਸਵ ਮਨਾਇਆ ਜਾ ਰਿਹਾ ਸੀ। ਇਸ ਸ਼ੁਭ ਅਵਸਰ ਤੇ ਸਿੰਘ ਸਾਹਿਬ ਗਿਆਨੀ ਚੇਤ ਸਿੰਘ ਜੀ ਹੈੱਡ ਗ੍ਰੰਥੀ ਸ੍ਰੀ ਹਰੀਮੰਦਰ ਸਾਹਿਬ ਅਮ੍ਰਿਤਸਰ ਵਾਲੇ ਵੀ ਦੀਵਾਨ ਵਿਖੇ ਸੁਸ਼ੋਭਤ ਸਨ ਤਾਂ ਦਾਸ ਨੇ ਫਿਰ ਆਪਣੀ ਇਸ ਇੱਛਾ ਨੂੰ ਸਟੇਜ ਸੰਗਤਾਂ ਦੇ ਸਾਹਮਣੇ ਅਤੇ ਸਿੰਘ ਸਾਹਿਬ ਜੀ ਦੀ ਸੇਵਾ ਵਿਖੇ ਪ੍ਰਗਟ ਕੀਤਾ ਕਿ ਇਸ ਮਹਾਨ ਕਾਰਜ ਨੂੰ ਜਿਸ ਲਈ ਲੱਖਾਂ ਰੁਪੱਈਆਂ ਦੀ ਲੋੜ ਪਵੇਗੀ ਜਾਂ ਇਸ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਚਲਾਵੇ ਜਾਂ ਅਸੀਂ ਕੋਈ ਪਰਾਈਵੇਟ ਟਰਸਟ ਬਣਾ ਕੇ ਉਪਰਾਲਾ ਕਰੀਏ ਅਤੇ ਸ਼੍ਰੋਮਣੀ ਕਮੇਟੀ ਇਸ ਟਰਸਟ ਨੂੰ ਆਪਣੀਆਂ, ਸ਼ੁਭ ਕਾਮਨਾਵਾਂ ਦੇਵੇ ਅਤੇ ਸਿਰ ਤੇ ਮੇਹਰ ਭਰਿਆ ਹੱਥ ਰੱਖੇ ਅਤੇ ਵਧ ਤੋਂ ਵਧ ਜਿੰਨਾ ਵੀ ਹੋ ਸਕੇ ਸਹਿਯੋਗ ਦੇਵੇ।

ਸ੍ਰੀ ਮਾਨ ਸਿੰਘ ਸਾਹਿਬ ਜੀ ਨੇ ਸਾਡੀਆਂ ਇਛਾਵਾਂ ਨੂੰ ਭਲੀ ਪ੍ਰਕਾਰ ਸੁਣਿਆ ਅਤੇ ਸਮਝਿਆ। ਉਨ੍ਹਾਂ ਨੇ ਵੀ ਇਸ ਪਵਿੱਤਰ ਉਪਰਾਲੇ ਲਈ ਦਿਲੋਂ ਹਮਦਰਦੀ ਪ੍ਰਗਟ ਕੀਤੀ। ਅਤੇ ਭਰੀ ਸੰਗਤ ਵਿਚ ਇਹ ਵਿਸ਼ਵਾਸ਼ ਦੁਆਇਆ ਕਿ ਸ੍ਰੀ ਅਮ੍ਰਿਤਸਰ ਜਾ ਕੇ ਕਮੇਟੀ ਨਾਲ ਵਿਚਾਰ ਵਟਾਂਦਰਾ ਕਰਕੇ ਟਰਸਟ ਨੂੰ ਵਧ ਤੋਂ ਵਧ ਸਹਿਯੋਗ ਦਿਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਮੈਨੂੰ ਆਸ ਹੈ ਕਿ ਸ਼੍ਰੋਮਣੀ ਕਮੇਟੀ ਇਸ ਪਵਿੱਤਰ ਕਾਰਜ ਨੂੰ ਸਿਰੇ ਚਾੜ੍ਹਨ ਲਈ ਪੂਰੀ ਮੱਦਦ ਕਰੇਗੀ ਅਤੇ ਇਸ ਦੇ ਰਸਤੇ ਵਿਚ ਕਿਸੇ ਕਿਸਮ ਦੀ ਕੋਈ ਰੁਕਾਵਟ ਨਹੀਂ ਪਾਵੇਗੀ।

ਸਿੰਘ ਸਾਹਿਬ ਜੀ ਵੱਲੋਂ ਇਹ ਸ਼ਬਦ ਸੁਣ ਕੇ ਦਾਸਾਂ ਨੇ ਇਸ ਕਾਰਜ ਨੂੰ ਅਰੰਭਣ ਦਾ ਪੱਕਾ ਨਿਸਚਾ ਧਾਰ ਲਿਆ ਹੈ ਕਿ ਸਾਡਾ ਗੁਰੂ ਹੁਣ ਬਜ਼ਾਰਾਂ ਵਿੱਚ ਮੁੱਲ ਨਹੀਂ ਵਿਕਣਾ ਚਾਹੀਦਾ। ਇਸ ਕਾਰਜ ਦੀ ਰੂਪਰੇਖਾ ਸਬੰਧੀ ਕੁਝ ਸੁਝਾਅ ਹਾਜ਼ਰ ਹਨ :—

੧. ਇਸ ਪਵਿੱਤਰ ਅਸਥਾਨ ਦਾ ਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ ਹੋਵੇ।

੨. ਇਹ ਅਸਥਾਨ ਕਿਸੇ ਵੱਡੇ ਸ਼ਹਿਰ ਦੇ ਲਾਗੇ ਜੀ. ਟੀ. ਰੋਡ ਉੱਪਰ ਘੱਟ ਤੋਂ ਘੱਟ ੨੫ ਏਕੜ ਦੇ ਪਲਾਟ ਵਿੱਚ ਕਾਇਮ ਕੀਤਾ ਜਾਵੇ।

੩. ਉਸਾਰੀ ਦਾ ਵੇਰਵਾ ਇਉਂ ਹੋਵੇ :—



www.AKJ.Org

(ੳ) ਇੱਕ ਵਿਸ਼ਾਲ ਇਮਾਰਤ ਵਿੱਚ ਇੱਕ ਵਿਸ਼ਾਲ ਪ੍ਰੈਸ ਲਾਇਆ ਜਾਵੇ।

(ਅ) ਇੱਕ ਅਤਿਅੰਤ ਸੁੰਦਰ ਅਤੇ ਵੱਡਾ ਹਾਲ ਤਿਆਰ ਹੋਈਆਂ ਬੀੜਾਂ ਸੁਖਾਸਣ ਕਰਨ ਲਈ ਤਿਆਰ ਕੀਤਾ ਜਾਵੇ। ਬੀੜਾਂ ਦਾ ਸੁਖਾਸਣ ਵੱਖ ਵੱਖ ਪਲੰਘਾਂ ਉੱਤੇ ਜਾਂ ਵਧੀਆ ਅਲਮਾਰੀਆਂ ਵਿਚ ਹੋਵੇ।

(ੲ) ਇਸ ਵਡੇ ਹਾਲ ਦੇ ਕੋਲ ਇਕ ਕਮਰਾ ਦਫਤਰ ਵਾਸਤੇ ਹੋਵੇ।

(ਸ) ਸੇਵਾਦਾਰਾਂ ਅਤੇ ਤਨਖਾਹਦਾਰ ਸਾਰੇ ਸਟਾਫ ਲਈ ਰਿਹਾਇਸ਼ੀ ਕੁਆਟਰਾਂ ਦਾ ਪ੍ਰਬੰਧ ਹੋਵੇ।

(ਹ) ਇਕ ਚੰਗੀ ਖੁਲ੍ਹੀ ਇਮਾਰਤ ਗੁਰਮਤ ਵਿਦਿਆਲੇ ਵਾਸਤੇ ਹੋਵੇ। ਏਥੇ ਗ੍ਰੰਥੀਆਂ, ਪਾਠੀਆਂ, ਰਾਗੀਆਂ ਪ੍ਰਚਾਰਕਾਂ ਨੂੰ ਗੁਰਬਾਣੀ ਦੇ ਅਰਥ, ਕਥਾ, ਕੀਰਤਨ ਅਤੇ ਵਖਿਆਨ ਕਰਨ ਦੀ ਉਚ ਪਧਰ ਦੀ ਸਿਖਿਆ ਦਿਤੀ ਜਾਵੇ। ਏਸ ਟਕਸਾਲ ਤੋਂ ਵਿਦਿਆ ਪਰਾਪਤ ਕਰਨ ਵਾਲਿਆਂ ਨੂੰ ਡਿਗਰੀਆਂ ਦਿਤੀਆਂ ਜਾਣ। ਅਤੇ ਉਨ੍ਹਾਂ ਨੂੰ ਸਾਰੀਆਂ ਸਿੰਘ ਸਭਾਵਾਂ ਅਤੇ ਇਤਿਹਾਸਕ ਗੁਰਦੁਆਰਿਆਂ ਵਿਚ ਰੱਖਣ ਨੂੰ ਪਹਿਲ ਦਿਤੀ ਜਾਵੇ ਅਤੇ ਉਨ੍ਹਾਂ ਨੂੰ ਤਨਖਾਹ ਵੀ ਵਧ ਤੋਂ ਵਧ ਦਿਤੀ ਜਾਵੇ।

੪. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਪਵਿਤਰ ਬੀੜਾਂ ਦੀ ਛਪਾਈ ਤੋਂ ਛੁਟ, ਗੁਰਬਾਣੀ ਦੇ ਗੁਟਕੇ ਰਹਿਤ ਨਾਮੇ, ਭਾਈ ਗੁਰਦਾਸ ਜੀ ਦੀਆਂ ਵਾਰਾਂ, ਦਸਮ ਪਾਤਸ਼ਾਹ ਜੀ ਦੀ ਬਾਣੀ ਅਤੇ ਟੀਕੇ ਵੀ ਛਾਪੇ ਜਾਣ।

੫. ਅੰਗਰੇਜ਼ੀ ਹਿੰਦੀ ਅਤੇ ਦੁਨੀਆਂ ਦੀਆਂ ਹੋਰ ਵਧ ਤੋਂ ਵਧ ਬੋਲੀਆਂ ਵਿਚ ਗੁਰਬਾਣੀ ਦੇ ਟੀਕੇ ਕਰਾਕੇ ਛਾਪੇ ਜਾਨ।

੬. ਇਸ ਸੁੰਦਰ ਭਵਨ ਵਿਚ ਆਉਣ ਜਾਣ, ਵਿਦਿਆ ਪ੍ਰਾਪਤ ਕਰਨ ਜਾਂ ਨਾਮ ਅਭਿਆਸ ਕਰਨ ਲਈ ਹਰ ਇਕ ਪਰਾਣੀ ਮਾਤਰ ਨੂੰ ਖੁਲ੍ਹ ਹੋਵੇ। ਜਾਤ ਪਾਤ ਦਾ ਕੋਈ ਭੇਦ ਭਾਵ ਨਾ ਹੋਵੇ 'ਮਾਨਿਸ ਕੀ ਜਾਪ ਸਭੈ ਏਕੈ ਹੀ ਪਹਿਚਾਨਬੋ' ਵਾਲੀ ਨੀਤੀ ਅਪਨਾਈ ਜਾਵੇ।

੭. ਪ੍ਰੈਸ ਵਿੱਚ ਕੰਮ ਕਰਨ ਵਾਲਿਆਂ ਲਈ ਪੂਰੀ ਪਾਬੰਦੀ ਹੋਵੇ ਕਿ ਉਹ ਅਮ੍ਰਿਤਧਾਰੀ ਤਿਆਰ ਬਰਤਿਆਰ ਸਿੰਘ ਹੋਣ, ਚਾਹੇ ਸ਼ਰਧਾਲੂ ਸੇਵਾ ਭਾਵ ਨਾਲ ਕੰਮ ਕਰਨ ਵਾਲੇ ਹੋਣ ਚਾਹੇ ਤਨਖਾਹਦਾਰ।

੮. ਇਕ ਅਤਿਅੰਤ ਸੁੰਦਰ ਗੁਰਦੁਆਰਾ ਸੋਨੇ ਦੇ ਕਲਸਾਂ ਵਾਲਾ ਬਣਾਇਆ ਜਾਵੇ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਰੋਜ਼ਾਨਾ ਪ੍ਰਕਾਸ਼ ਕਰਨ ਲਈ ਸੰਖਮਰਮਰ ਦਾ ਸੁੰਦਰ ਅਸਥਾਨ ਹੋਵੇ। ਇਸ ਦੀ ਸੁੰਦਰਤਾ ਸਾਰੇ ਸੰਸਾਰ ਵਿਚ ਆਪਣੀ ਮਿਸਾਲ ਆਪ ਹੋਵੇ। ਇਸ ਦੇ ਨਾਲ ਹੀ ਇਕ ਮਹਾਨ ਪਵਿਤਰ ਸਰੋਵਰ ਤਿਆਰ ਕੀਤਾ ਜਾਵੇ। ਇਸ ਸੁੰਦਰ ਅਸਥਾਨ ਵਿਚ ਅੱਠੇ ਪਹਿਰ ਅਖੰਡ ਕੀਰਤਨ ਦੀਆਂ ਧੁਨੀਆਂ ਵਜਦੀਆਂ ਰਹਿਣ ਅਤੇ ਸਾਰੇ ਬ੍ਰਹਿਮੰਡ ਦੇ ਵਾਯੂਮੰਡਲ ਨੂੰ ਪਵਿਤਰ ਕਰਦੀਆਂ ਰਹਿਣ ਤਾਂਕਿ ਇਹ ਸ੍ਰੀ ਗੁਰੂ ਗ੍ਰੰਥ ਸਾਹਿਬ ਪ੍ਰਕਾਸ਼ ਭਵਨ ਸਾਰੇ ਸੰਸਾਰ ਨੂੰ ਰੋਸ਼ਨੀ ਦੇਣ ਵਾਲਾ ਰੋਸ਼ਨ ਮੀਨਾਰ ਅਤੇ ਸੁਗੰਧੀ ਦੇਣ ਵਾਲਾ ਮਿਲਆਗਿਰ ਪਹਾੜ ਹੋਵੇ।

੯. ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਵਿੱਤਰ ਦੇਹ ਨੂੰ ਇੱਛਾਵਾਨ ਸੱਜਣਾਂ ਵੱਲੋਂ ਇੱਛਾ ਪ੍ਰਗਟ ਕਰਨ ਤੇ ਬਿਨਾਂ ਕਿਸੇ ਮੋਖ ਤੋਂ ਲੋੜ ਵੰਦੇ ਅਸਥਾਨ ਤੱਕ ਸਪੈਸ਼ਲ ਮੋਟਰ ਗੱਡੀ ਦੁਆਰਾ ਪੰਜਾਂ ਪਿਆਆਰਿਆਂ ਦੀ ਅਗਵਾਈ ਹੇਠ ਪੁਚਾਉਣ ਦਾ ਪ੍ਰਬੰਧ ਪ੍ਰਕਾਸ਼ ਭਵਨ ਵੱਲੋਂ ਹੀ ਕੀਤਾ ਜਾਵੇ।

੧੦. ਪ੍ਰਕਾਸ਼ ਭਵਨ ਵਿਚ ਸ਼ਬਦ ਦੀ ਕਥਾ ਅਤੇ ਗੁਰੂ ਇਤਿਹਾਸ ਦੀ ਵਿਆਖਿਆ ਕਰਨ ਦਾ ਰੋਜ਼ਾਨਾ ਵੱਖਰੀ ਥਾਂ ਤੇ ਪ੍ਰਬੰਧ ਹੋਵੇ।

੧੧. ਜਿਸ ਅਸਥਾਨ ਤੇ ਗੁਰੂ ਮਹਾਂਰਾਜ ਜੀ ਦੀ ਪਵਿੱਤਰ ਦੇਹ ਦੀ ਸਵਾਰੀ ਜਾਣੀ ਹੋਵੇ ਉਥੇ ਅਤੇ ਰਸਤੇ ਵਿਚ ਸ਼ਾਹਾਨਾ ਸੁਆਗਤ ਦਾ ਪ੍ਰਬੰਬ ਸ਼ਰਧਾਲੂ ਸੰਗਤਾਂ ਵੱਲੋਂ ਕੀਤਾ ਜਾਵੇ।

੧੨. ਸ਼ਰਧਾ ਅਨੁਸਾਰ ਕੋਈ ਵੀ ਸੱਜਣ ਗੁਰੂ ਜੀ ਦੀ ਗੋਲਕ ਵਿਚ ਜਿੰਨੀ ਚਾਹੁਣ ਮਾਇਆ ਭੇਟ ਕਰਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਗੁਰਬਾਣੀ ਦੇ ਪੋਥੀਆਂ ਗੁਟਕੇ ਅਤੇ ਟੀੱਕਿਆਂ ਆਦਿ ਦਾ ਕੋਈ ਮੋਖ ਨਾ ਲਿਆ ਜਾਵੇ।

੧੩. ਬਦੇਸ਼ਾਂ ਲਈ ਹਵਾਈ ਜਹਾਜ਼ ਰਾਹੀਂ ਪਵਿੱਤਰ ਬੀੜਾਂ ਪੁਚਾਉਣ ਦਾ ਯੋਗ ਪ੍ਰਬੰਧ ਕੀਤਾ ਜਾਵੇ।

ਨੋਟ :—ਇਸ ਸਾਰੇ ਮਹਾਨ ਕਾਰਜ ਨੂੰ ਅਰੰਭਣ ਲਈ ਛੇਤੀ ਤੋਂ ਛੇਤੀ ਸਾਰੇ ਪੰਥ ਵਿਚੋਂ ਉਚ ਕੋਟੀ ਦੇ ਵਿਦਵਾਨਾਂ, ਗੁਰਬਾਣੀ ਦੇ ਖੋਜੀਆਂ ਅਤੇ ਪਤਵੰਤੇ ਸਜਣਾ ਦੀ ਕਨਵੈਨਸ਼ਨ ਬੁਲਾਣ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ। ਸਮੂਹ ਸੰਗਤਾ ਇਸ ਸੰਬੰਧੀ ਆਪਣੇ ਆਪਣੇ ਸੁਝਾਅ ਦਾਸ ਨੂੰ ਲਿਖਕੇ ਭੇਜਣ ਦੀ ਕ੍ਰਿਪਾਲਤਾ ਕਰਨ।



www.AKJ.Org

# ਆਪ ਨੂੰ ਇਹ ਅਰਥ ਆਉਂਦੇ ਹਨ ?

(ਲੜੀ ਜੋੜਨ ਲਈ ਦੇਖੋ ਸਫ਼ਾ ੨੪)

੧. (ੳ) (ਅ) ਬਲ, ਬਹਾਦਰੀ ।

(ੲ) ਲੇਖੇ (ਸ) ਹਦ ਬਨਾਂ

੨. (ੳ) ਬੰਧਨ

ਦੋਤਨਾ, ਭਾਵ ਕਿਨਾਰੇ ਹੋਣਾ ।

੩. (ੳ) ਪਰਾਏ ਘਰਾਂ ਦੇ ਤਕਣੇ ਵਾਲਾ ਹਾਂ ਤੇ ਨੀਚ ਚੰਡਾਲ ਹਾਂ ।

(ਅ) ਮਾਇਆ ਦੇ ਮੋਹ ਵਿਚ (ਫਸਿਆ ਹੋਇਆ) ਜਮ ਕਾਲ ਨੇ (ਮਾਰਨ ਵਾਸਤੇ) ਤਕਿਆ ਹੋਇਆ ।

੪. ਸਵੇਰਾ

੫. (ੳ) ਸ਼ੋਭਾ ਦੇ ਸਮਾਨ, ਵਸਤ੍ਰ ਗਹਿਣੇ ਆਦਿ ਪਦਾਰਥ

(ਅ) ਤੈਨੂੰ ਖੋਜਣ ਦੇ ਇਕ ਸਾਧਨ ਨੂੰ ਭੀ ਨਹੀਂ ਪਹੁੰਚ ਸਕਦਾ ।

੬. ਛਿੜਕਿਆ, ਪਾਣੀ ਦਾ ਛਿਟਾ ਮਾਰਿਆ ।

੭. ਕਹੋ

੮. ਜਾਨਣ ਵਾਲਾ, ਗਿਆਨਵਾਨ

੯. ਤਿੰਨ ਤਾਪ ਇਸ ਪ੍ਰਕਾਰ ਹਨ :—

(ੳ) ਦੇਹ ਦੇ ਰੋਗ ਅਤੇ ਮਨ ਦੇ ਵਿਚਾਰ (ਅਧਯਾਤਮਿਕ)

(ਅ) ਜੋ ਦੁੱਖ ਜੀਵਾਂ ਤੋਂ ਪ੍ਰਾਪਤ ਹੋਣ, ਜੈਸੇ ਮਛਰ, ਸਪ, ਸ਼ੇਰ ਆਦਿ ਤੋਂ (ਅਧਭੌਤਿਕ)

(ੲ) ਜੋ ਪ੍ਰਾਕ੍ਰਿਤਕ ਦੇਵਤਾ ਤੋਂ ਪ੍ਰਾਪਤ ਹੋਣ ਜੈਸੇ ਧੁਪ, ਪਾਲਾ, ਹਨੇਰੀ । (ਆਧਿਭੌਤਿਕ)

੧੦. ਜਲਨਾ, ਸੜਨਾ

੧੧. ਦਿਲ ਦੀ ਘਬਰਾਹਟ, ਚਿੰਤਾ

੧੨. ਮਲਾਹ । ਮਲਾਹ (ਗੁਰੂ) ਪੁਕਾਰਦਾ ਹੈ ਕਿ ਬੇੜਾ (ਕਪਰਾਂ) ਲਹਿਰਾਂ ਦੇ ਮੂੰਹ ਵਿਚ ਆਇਆ ਹੋਇਆ ਹੈ (ਤਕੜੇ ਹੋਵੋ) ।

———



www.AKJ.Org

# ਕਤਿਕ

[ ਵਲੋਂ :—ਗਿਆਨੀ ਹਸਬੰਸ ਸਿੰਘ ਜੀ ਕਰਤਾ 'ਜਪੁ-ਨਿਰਣਯ' ]

ਕਤਿਕਿ[1] ਕਰਮ ਕਮਾਵਣੇ, ਦੋਸੁ[2] ਨ ਕਾਹੂ ਜੋਗੁ[3] ॥
ਪਰਮੇਸਰ ਤੇ ਭੁਲਿਆਂ, ਵਿਆਪਨਿ[4] ਸਭੇ ਰੋਗ ॥
ਵੇਮੁਖ ਹੋਏ ਰਾਮ ਤੇ, ਲਗਨਿ ਜਨਮ[5] ਵਿਜੋਗ ॥
ਖਿਨ ਮਹਿ ਕਉੜੇ[6] ਹੋਇ ਗਏ, ਜਿਤੜੇ ਮਾਇਆ[7] ਭੋਗ ।
ਵਿਚੁ[8] ਨਾ ਕੋਈ ਕਰਿ ਸਕੈ, ਕਿਸਥੈ[9] ਰੋਵਹਿ ਰੋਜ[10] ॥
ਕੀਤਾ ਕਿਛੂ ਨ ਹੋਵਈ, ਲਿਖਿਆ ਧੁਰਿ[11] ਸੰਜੋਗ[12]॥
ਵਡਭਾਗੀ[13] ਮੇਰਾ ਪ੍ਰਭੁ ਮਿਲੈ, ਤਾਂ ਉਤਰਹਿ ਸਭਿ ਬਿਓਗ[14]॥
ਨਾਨਕ ਕਉ ਪ੍ਰਭ ਰਾਖਿ ਲੇਹਿ,ਮੇਰੇ ਸਾਹਿਬ ਬੰਦੀ[15] ਮੋਚ॥
ਕਤਿਕਿ ਹੋਵੈ ਸਾਧ ਸੰਗੁ, ਬਿਨਸਹਿ ਸਭੇ ਸੋਚ[16] ॥
(ਸ੍ਰੀ ਗੁਰੂ ਗ੍ਰੰਥ ਸਹਿਬ ਪੰਨਾ-135)

ਪਦ ਅਰਥ :—1. ਕਤਿਕ (ਦੇ ਮਹੀਨੇ) ਵਿੱਚ। 2. ਕਸੂਰ। 3. ਯੋਗ, ਮੁਨਾਸਿਬ। 4. ਲਗਦੇ ਹਨ। 5. ਜਨਮਾਂ ਜਨਮਾਂਤਰਾਂ ਦੇ ਵਿਛੋੜੇ (ਰੂਪ ਦੁਖ)। 6. ਦੁਖਦਾਇਕ। 7. ਮਾਇਆ ਦੇ ਭੋਗ (ਵਿਸ਼ੇ ਸੁਖਾਂ ਦੇ ਭੋਗ)। 8. ਵਿਚੋਲਾ। 9. ਕਿਸ ਲਈ, ਕਿਸ ਪਾਸ। 10. ਨਿਤ। 11. ਧੁਰ ਤੋਂ, ਪਹਿਲਾਂ ਤੋਂ। 12. ਭਾਗਾਂ ਵਿੱਚ। 13. ਵਡੇ ਭਾਗਾਂ ਨਾਲ। 14. ਵਿਜੋਗ, ਵਿਛੋੜੇ (ਦੇ ਦੁੱਖ)। 15. ਕੈਦ ਦੇ ਕਟਣ ਵਾਲੇ, ਬੰਦੀ ਛੋੜ, ਬੰਦ ਖਲਾਸ ਕਰਨ ਵਾਲੇ। 16. ਸੋਚਾਂ, ਚਿੰਤਾ-ਫਿਕਰ।

ਅਰਥ :—(ਸ੍ਰੀ ਗੁਰੂ ਅਰਜਨ ਦੇਵ ਜੀ) ਕਤਿਕ ਮਹੀਨੇ ਦੁਆਰਾ ਮਨੁੱਖ ਨੂੰ ਉਪਦੇਸ਼ ਦੇਂਦੇ ਹੋਏ ਫਰਮਾਉਂਦੇ ਹਨ ਕਿ ਆਪੋ ਆਪਣੇ ਕੀਤੇ ਕਰਮਾਂ (ਦਾ ਫਲ ਹਰੇਕ ਮਨੁੱਖ ਨੂੰ ਮਿਲਦਾ ਹੈ; ਇਸ ਲਈ) ਕਿਸੇ (ਦੂਜੇ ਮਨੁੱਖ) ਨੂੰ ਦੋਸ਼ੀ ਠਹਿਰਾਉਣਾ ਯੋਗ ਨਹੀਂ ਹੈ। (ਤੱਤ-ਵੀਚਾਰ ਇਹ ਹੈ ਕਿ) ਪਰਮੇਸ਼ਵਰ ਦੇ ਵਿਸਰਿਆਂ, ਸਾਰੇ ਰੋਗ (ਮਨੁੱਖ ਨੂੰ ਆ) ਚਮੁੱਟਦੇ ਹਨ। ਰਾਮ (ਰਬ) ਤੋਂ ਬੇ-ਮੁੱਖ ਹੋਣ ਕਰਕੇ ਹੀ ਜਨਮਾਂ ਜਨਮਾਂਤਰਾਂ ਦੇ ਵਿਛੋੜੇ (ਰੂਪ ਦੁੱਖ) ਆ ਲਗਦੇ ਹਨ। ਜਿਤਨੇ ਵੀ ਮਾਇਆ ਦੇ ਭੋਗ ਹਨ (ਭਾਵ ਜਿਹੜੇ (ਬਿਖੇ-ਰੱਸ ਮਿੱਠੇ ਤੇ ਸੁਖ ਸਮਝ ਕੇ ਭੋਗੇ ਜਾਂਦੇ ਹਨ ਉਹ) ਛਿਨਮਾਤਰ ਵਿੱਚ ਕਉੜੇ (ਦੁਖਦਾਇਕ) ਹੋ ਜਾਂਦੇ ਹਨ। (ਅਜਿਹੀ ਹਾਲਤ ਵਿੱਚ) ਕੋਈ ਵਿਚੋਲਾ ਕੁਝ ਨਹੀਂ ਕਰ ਸਕਦਾ (ਇਸ ਲਈ ਹੇ ਮਨੁੱਖ) ਕਿਸ ਲਈ (ਤੂੰ ਇਕ ਦੂਜੇ ਪਾਸ) ਰੋਜ਼ ਰੋਂਦਾ (ਰਹਿੰਦਾ) ਹੈਂ ? (ਭਾਵ ਇਸ ਤਰ੍ਹਾਂ ਦਾ ਰੋਣਾ ਕੁਰਲਾਉਣਾ ਬੇ-ਅਰਥ ਹੈ)। (ਕਿਸੇ ਦਾ) ਕੀਤਾ ਹੋਇਆ ਕੁਝ ਨਹੀਂ ਹੋ ਸਕਦਾ (ਕਉਂਕਿ) ਹੁੰਦਾ ਉਹੋ ਕੁਝ ਹੈ ਜਿਹੜਾ ਧੁਰ ਦਰਗਾਹੋਂ ਕਿਸੇ ਦੇ ਭਾਗਾਂ ਵਿੱਚ ਲਿਖਿਆ ਹੋਇਆ ਹੁੰਦਾ ਹੈ। (ਹਾਂ, ਜੇ) ਵਡੇ ਭਾਗਾਂ ਨਾਲ (ਕਿਸੇ ਨੂੰ) ਮੇਰਾ ਪ੍ਰਭੂ ਮਿਲ ਪਵੇ ਤਾਂ (ਉਸਦੇ) ਸਾਰੇ ਵਿਛੋੜੇ (ਦੇ ਦੁੱਖ) ਦੂਰ ਹੋ ਜਾਂਦੇ ਹਨ। (ਹੁਣ ਗੁਰਦੇਵ ਜੀ ਬੇਨਤੀ ਕਰਨ ਦੀ ਜਾਚ ਸਿਖਾਉਂਦੇ ਹਨ) ਹੇ ਪ੍ਰਭੂ ਜੀ ! (ਮੈਂ) ਨਾਨਕ ਨੂੰ ਮਇਆ ਦੇ ਬੰਧਨਾਂ ਤੋਂ ਰਖ ਲਵੋ ; ਹੇ ਮੇਰੇ ਸਾਹਿਬ ਜੀ) ! (ਤੁਸੀਂ) ਬੰਧੀ ਛੋੜ ਹੋ (ਭਾਵ ਮਾਇਆ ਫਾਹੀ ਕਟਣ ਵਾਲੇ ਹੋ)। (ਅੰਤ ਵਿੱਚ ਸਾਰੇ ਵਿਚਾਰ ਦਾ ਨਿਚੋੜ ਇਹ ਕਢਦੇ ਹਨ ਕਿ) ਕਤਿਕ (ਦੇ ਮਹੀਨੇ) ਵਿੱਚ (ਜੇ) ਸਾਧੂਸੰਗ (ਪ੍ਰਾਪਤ) ਹੋ ਜਾਵੇ ਤਾਂ ਸਭ ਸੋਚਾਂ (ਚਿੰਤਾ-ਫਿਕਰਾਂ) ਦੂਰ ਹੋ ਜਾਂਦੇ ਹਨ।

ਵਿਸ਼ੇਸ਼ ਵੀਚਾਰ :—ਹਿੰਦੂ ਧਰਮ ਵਿੱਚ ਕਾਰਤਕ ਦਾ ਮਹੀਨਾ ਸਭ ਮਹੀਨਿਆਂ ਨਾਲੋਂ ਉਤਮ ਮੰਨਿਆ ਜਾਂਦਾ ਹੈ। ਇਸ ਧਰਮ ਦੇ ਸ਼ਰਧਾਲੂਆਂ ਦੇ ਮਨਾਂ ਵਿੱਚ ਪੰਡਤਾਂ ਨੇ ਇਹ ਗਲ ਦ੍ਰਿੜ੍ਹ ਕਰਾਈ ਹੋਈ ਹੈ ਕਿ ਇਸ ਮਹੀਨੇ ਵਿੱਚ ਕੀਤੇ ਇਸ਼ਨਾਨ ਨਾਲ ਸਾਰੇ ਪਾਪ ਝੜ ਜਾਂਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਦਾ ਇਹ ਵੀਚਾਰ ਹੈ ਕਿ ਜਿਤਨਾ ਫਲ ਜਪ ਦਾਨ, ਪੂਜਾ ਆਦਿ ਕਰਮਾਂ ਦਾ ਇਸ ਮਹੀਨੇ ਵਿੱਚ ਹੁੰਦਾ



www.AKJ.Org

ਹੈ ਹੋਰ ਕਿਸੇ ਮਹੀਨੇ ਵਿੱਚ ਨਹੀਂ ਹੁੰਦਾ । ਇਸ ਮਹੀਨੇ ਦੀ ਕਥਾ ਦੀ ਪੋਥੀ ਵੀ ਵਖਰੇ ਛਾਪੀ ਹੋਈ ਮਿਲਦੀ ਹੈ । ਹਿੰਦੂ, ਹੇਠ ਲਿਖੇ ਤਹਿਵਾਰਾਂ ਦੀ ਇਸ ਮਹੀਨੇ ਵਿੱਚ ਕਈ ਤਰ੍ਹਾਂ ਦੀਵੇ ਜਗਾ ਕੇ ਪੂਜਾ ਕਰਦੇ ਹਨ :—

1. ਕਾਰਤਕ ਇਸ਼ਨਾਨ ਪ੍ਰਾਰੰਭ ।
2. ਕਰਵਾ ਚੌਥ ।
3. ਚਕਰੀਆਂ ।
4. ਅਹੋਈ ਅਸ਼ਟਮੀ ਚਿਤ੍ਰ ।
5. ਧਨ ਤਰੋਦਸੀ ।
6. ਨਰਕ ਚੌਦਸ ।
7. ਦੀਪਾਵਾਲੀ (ਮਹਾਂ ਲਕਸ਼ਮੀ ਪੂਜਾ) ।
8. ਅਨਕੂਟ ਗੋਵਰਧਨ ਪੂਜਾ ।
9. ਟਿਕਾ ਭਾਈ ਦੂਜ ।
10. ਗੋਪ ਅਸ਼ਟਮੀ ।
11. ਤੁਲਸੀ ਵਿਵਾਹ ।

ਸਿਖ ਧਰਮ ਉਪ੍ਰੋਕਤ ਤਹਿਵਾਰਾਂ ਤੇ ਕੀਤੇ ਜਾਣ ਵਾਲੇ ਕਿਸੇ ਕਰਮ ਨੂੰ ਨਹੀਂ ਅਪਨਾਉਂਦਾ ਅਤੇ ਨਾਂ ਹੀ ਇਸ਼ਨਾਨ, ਦਾਨ, ਲਕਸ਼ਮੀ ਪੂਜਾ ਆਦਿ ਨੂੰ ਮੰਨਦਾ ਹੈ । ਸਿਖ ਧਰਮ ਦੈਵੀ ਗੁਣਾਂ ਦਾ ਪੂਜਕ ਹੈ ਅਤੇ ਅਧਿਆਤਮਕ ਕਰਮਾਂ ਨੂੰ ਸ੍ਰੇਸ਼ਟ ਮੰਨਦਾ ਹੈ। ਗੁਰਦੇਵ ਜੀ ਨੇ ਗੁਰ ਸਿੱਖਾਂ ਨੂੰ ਬਾਰਹਮਾਹਾ ਦੇ ਅਰੰਭ ਵਿੱਚ ਹੀ ਪ੍ਰਮਾਤਮਾ ਨਾਲੋਂ ਜੀਵ ਦੇ ਵਿਛੋੜੇ ਦਾ ਕਾਰਨ ਜੀਵ ਦੇ ਕਰਮ ਦਸੇ ਹਨ । ਇਸ ਮਹੀਨੇ ਵਿੱਚ ਮੁੜ ਉਸੇ ਵੀਚਾਰ ਦੀ ਚਿਤਾਵਨੀ ਕਰਵਾ ਰਹੇ ਹਨ ਕਿ ਹਰੇਕ ਮਨੁੱਖ ਆਪਣੇ ਕਰਮਾਂ ਦਾ ਫਲ ਭੋਗਦਾ ਹੈ । ਜਿਵੇਂ ਗੁਦੇਰਵ ਜੀ ਨੇ ਰਾਮਕਲੀ ਰਾਗ ਵਿੱਚ ਅੰਕਤ ਕੀਤਾ ਹੈ :—

1. ਦੋਸੁ ਨਾ ਦੀਜੇ, ਕਾਹੂੰ ਲੋਗ ॥
ਜੋ ਕਮਾਵਨੁ, ਸੋਈ ਭੋਗ ॥
ਆਪਨ ਕਰਮ, ਆਪੇ ਹੀ ਬੰਧ ॥
ਆਵਨੁ ਜਾਵਨੁ, ਮਾਇਆ ਧੰਧ ॥ (ਪੰ.888)

2. ਦੋਸੁ ਨਾ ਕਾਹੂ ਦੀਜੀਐ,
ਪ੍ਰਭ ਆਪਨਾ ਧਿਆਈਐ ॥
ਜਿਤੁ ਸੇਵਿਐ, ਸੁਖੁ ਹੋਏ ਘਨਾ,
ਮਨ ਸੋਈ ਗਾਈਐ ॥ (ਪੰ. 809)

ਇਸ ਲਈ ਮਨੁੱਖ ਨੂੰ ਅਜਿਹੇ ਕਰਮ ਕਰਨੇ ਚਾਹੀਦੇ ਹਨ ਜਿਨ੍ਹਾਂ ਦੇ ਕਰਨ ਨਾਲ ਵਹਿਗੁਰੂ ਜੀ ਨਾ ਵਿਸਰਨ । ਜੇ ਵਿਸ਼ੇ-ਸੁਖਾਂ ਵਿੱਚ ਨਾਮ-ਰਸ ਨੂੰ ਭੁਲ ਗਏ ਤਾਂ ਇਹ ਸਮਝੋ ਮਨੁੱਖ ਨੂੰ ਹਰ ਤਰ੍ਹਾਂ ਦੇ ਦੁੱਖ ਘੇਰ ਲੈਣਗੇ ਕਿਉਕਿ ਰੋਗਾਂ ਦੀ ਉਤਪਤੀ ਦਾ ਕਾਰਨ ਹੀ ਸੁਆਦ ਅਤੇ ਰਸਾਂ ਦੇ ਭੋਗ ਹਨ ।

1. ਬਹੁ ਸਾਦਹੁ, ਦੂਖੁ ਪਰਾਪਤਿ ਹੋਵੈ ॥
ਭੋਗਹੁ ਰੋਗ, ਸੁ ਅੰਤਿ ਵਿਗੋਵੈ ॥
ਹਰਖਹੁ ਸੋਗੁ ਨ ਮਿਟਈ ਕਬਹੂ ॥
ਵਿਣੁ ਭਾਣੇ ਭਰਮਾਇਦਾ ॥ (ਪੰ. 1034)

2. ਖਸਮੁ ਵਿਸਾਰਿ ਕੀਏ ਰਸ ਭੋਗ ॥
ਤਾਂ ਤਨਿ ਉਠਿ ਖਲੋਏ ਰੋਗ ॥ (ਪੰ. 1256)

ਸੋ ਮਾਇਆ ਦੇ ਭੋਗ ਹੀ ਜਨਮਾਂ ਦੇ ਵਿਜੋਗ ਦਾ ਕਾਰਨ ਹਨ । ਬਾਹਰਲੇ ਵਸਤਾਂ ਦੇ ਰਖਣ ਦਾ ਆਤਮਾਂ ਤੇ ਕੋਈ ਚੰਗਾ ਅਸਰ ਨਹੀਂ ਪੈਂਦਾ । ਗੁਰਦੇਵ ਜੀ ਆਤਮਕ-ਵਰਤ ਰਖਣ ਦਾ ਉਪਦੇਸ਼ ਇਉਂ ਦੇਂਦੇ ਹਨ :—

ਏਕਾਦਸੀ, ਨਿਕਟਿ ਪੇਖਹੁ ਹਰਿਰਾਮੁ ॥
ਇੰਦ੍ਰੀ ਬਸਿ ਕਰਿ, ਸੁਣਹੁ ਹਰਿਨਾਮੁ ॥
ਮਨਿ ਸੰਤੋਖੁ, ਸਬਰ ਜੀਅ ਦਇਆ ॥
ਇਨ ਬਿਧਿ, ਬਰਤੁ ਸੰਪੂਰਨ ਭਇਆ ॥ (ਪੰ.299)

ਧਾਵਤ ਮਨੁ, ਰਾਖੈ ਇਕਠਾਇ ॥
ਮਨੁ ਤਨੁ ਸੁਧੁ, ਜਪਤ ਹਰਿਨਾਇ ॥
ਸਭ ਮਹਿ ਪੂਰਿ ਰਹੇ, ਪਾਰਬ੍ਰਹਮ ॥
ਨਾਨਕ, ਹਰਿ ਕੀਰਤਨੁ ਕਰਿ,
ਅਟਲ ਏਹੁ ਧਰਮ ॥

ਬਾਹਰਲੇ ਦੀਵੇ ਜਗਾਉਣ ਨਾਲ ਅੰਤਰ-ਆਤਮੇਂ ਪ੍ਰਕਾਸ਼ ਨਹੀਂ ਹੋਂਦਾ । ਇਸ ਲਈ ਗੁਰੂ-ਸ਼ਬਦ ਰੂਪੀ ਦੀਵਾ ਜਗਾਉਣਾ ਹੀ ਚਹੀਦਾ ਹੈ ਜਿਸ ਨਾਲ ਮਨ ਮੰਦਰ ਵਿੱਚ ਨਿਰਾ ਚਾਨਣ ਹੀ ਚਾਨਣ ਹੋ ਜਾਵੇ ।

ਕਤਿਕ ਦੇ ਮਹੀਨੇ ਵਿੱਚ ਠੰਡ ਹੋ ਜਾਂਦੀ ਹੈ । ਜੀਵ ਰੂਪ ਇਸਤ੍ਰੀ ਪਤੀ ਤੋਂ ਬਿਨਾ ਦੁੱਖੀ ਰਹਿੰਦੀ ਹੈ । ਖਾਸ ਕਰਕੇ ਚਿੰਤਾ-ਰੋਗ ਵਿੱਚ ਜਕੜੀ ਰਹਿੰਦੀ ਹੈ । ਇਸ ਲਈ ਗੁਰਦੇਵ ਜੀ ਸਾਨੂੰ ਫੋਟਕ-ਕਰਮਾਂ ਦੇ ਜਾਲ ਚੋਂ ਕਢ ਕੇ ਸੱਚ-ਧਰਮ ਦਾ ਧਾਰਨੀ ਬਣਾਉਂਦੇ ਹਨ । ਸਤਵਾਦੀ ਬਣਨ ਦੀ ਜੁਗਤੀ ਹੈ ਸਾਧ ਸੰਗਤ । ਸਾਧ ਹੀ ਸੱਚ ਖੰਡ ਹੈ । ਜੇ ਕਤਿਕ ਮਹੀਨੇ ਵਿੱਚ ਸਾਧੂ ਸੰਗਤ ਪ੍ਰਾਪਤ ਹੋਜਾਵੇ ਤਾਂ ਵਿਛੋੜੇ ਦੇ ਸਾਰੇ ਦੁਖ ਦੂਰ ਹੋ ਜਾਂਦੇ ਹਨ । ਗੁਰਮਤਿ ਦਾ ਇਹ ਤੱਤ-



www.AKJ.Org

ਨਿਰਣਾ ਹੈ ਕਿ ਕਰਮਾਂ ਨਾਲ ਜੀਵ ਦਾ ਛੁਟਕਾਰਾ ਨਹੀਂ ਹੁੰਦਾ। ਛੁਟਕਾਰਾ ਤਾਂ ਨਾਮ-ਸਿਮਰਨ ਨਾਲ ਹੁੰਦਾ ਹੈ। ਸੋ ਕਰਮ ਕਰਦੇ ਹੋਏ ਦੂਜੇ ਨੂੰ ਦੋਸ਼ ਨਾਂਹ ਦੇਣ ਦੀ ਸਿਖਿਆ ਦੇਂਦੇ ਹੋਏ ਗੁਰਦੇਵ ਜੀ ਅੰਤ ਵਿੱਚ ਸਭ ਨੂੰ ਅਰਦਾਸ ਕਰਨ ਦੀ ਜੁਗਤੀ ਦਸਦੇ ਹਨ ਉਹ ਇਉਂ ਆਖੋ :—

ਨਾਨਕ ਕਉ ਪ੍ਰਭ ਰਾਖਿ ਲੇਹਿ,
ਮੇਰੇ ਸਾਹਿਬ ਬੰਦੀ ਮੋਚ ॥
ਤੁਮਹਿ ਛਡਾਵਹੁ, ਛੁਟਕਹਿ ਬੰਧ ॥
ਬਖਸਿ ਮਿਲਾਵਹੁ, ਨਾਨਕ ਜਗ ਅੰਧ ॥ (ਪੰ.890.

ਕਤਿਕ ਦੇ ਮਹੀਨੇ ਵਿੱਚ ਖਾਸ ਕਰਕੇ ਇਸਤਰੀਆਂ ਵਰਤ ਰੱਖਣ ਤੇ ਬਹੁਤ ਜੋਰ ਦਿੰਦੀਆਂ ਹਨ ਪਰ ਉਹਨਾਂ ਨੂੰ ਭਗਤ ਕਬੀਰ ਜੀ ਦੇ ਹੇਠ ਲਿਖੇ ਸਲੋਕ ਦਾ ਪਤਾ ਹੀ ਨਹੀਂ ਕਿ 'ਅਹੋਈ ਦੇਵੀ' ਦੇ ਵਰਤ ਰਖਨ ਦਾ ਕੀ ਫਲ ਮਿਲਦਾ ਹੈ :—

ਕਬੀਰ ਹਰਿ ਕਾ ਸਿਮਰਨ ਛਾਡਿ ਕੈ ਅਹੋਈ ਰਾਖੈ ਨਾਰ ॥
ਗਦਹੀ ਹੋਇਕੈ ਅਉਤਰੈ ਭਾਰ ਸਹੈ ਮਨ ਚਾਰ ॥

ਜੇ ਪੜ੍ਹੀਆਂ ਲਿਖੀਆਂ ਭੈਣਾਂ ਅਤੇ ਮਾਤਾਵਾਂ ਨੂੰ ਉਪ੍ਰੋਕਤ ਦੁਰਦਸ਼ਾ ਦਾ ਪਤਾ ਲਗ ਜਾਏ ਤਾਂ ਉਹ ਇਸਤਰੀਆਂ ਸਮਾਜ ਵਿੱਚ ਇਕ ਭਾਰੀ ਪ੍ਰਵਰਤਨ ਲਿਆ ਸਕਦੀਆਂ ਹਨ। ਇਸ ਤਰ੍ਹਾਂ ਉਹ ਆਪਣੀ ਆਪਣੇ ਪਰਵਾਰ ਅਤੇ ਸਮੁੱਚੇ ਦੇਸ਼-ਸੁਧਾਰ ਦੀ ਸੇਵਾ ਵਿਚ ਇਕ ਅਮੋਲ ਹਿੱਸਾ ਪਾ ਸਕਦੀਆਂ ਹਨ।

---

# ਸੂਰੇ ਲਈ ਸਹਾਇਤਾ

ਹੇਠ ਲਿਖੇ ਸਜਣਾਂ ਨੇ ਸੂਰੇ ਲਈ ਸਹਾਇਤਾ ਭੇਜੀ ਹੈ :—

| | |
|---|---|
| ੧. ਭਾਈ ਸੇਵਾ ਸਿੰਘ ਜੀ, ਸਿੰਘ ਬ੍ਰਦਰਜ਼ ਅੰਮ੍ਰਿਤਸਰ ਬੀਬੀ ਪ੍ਰੇਮ ਕੌਰ ਜੀ ਦੀ ਯਾਦ ਵਿਚ। ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ। | ੫੧—੦ |
| ੨. ਜਥੇਦਾਰ ਅਜਮੇਰ ਸਿੰਘ ਜੀ ਪੂਲ੍ਹਾ | ੨੫—੦ |
| ੩. ਗੁਪਤ | ੫੧—੦ |



www.AKJ.Org

# ਸਤਿਗੁਰ ਨਾਨਕ ਪ੍ਰਗਟਿਆ

( ਪ੍ਰੋ: ਹਰਬੰਸ ਸਿੰਘ ਜੀ ਲੁਧਿਆਣਾ )

ਸਤਿਗੁਰੂ ਨਾਨਕ ਦੇਵ ਜੀ ਪੰਦਰਵੀਂ ਈਸਵੀ ਦੇ ਉਨੱਤਰਵੇਂ ਸਾਲ ਅਰਥਾਤ ਸੰਨ ੧੪੬੯ ਈਸਵੀ (ਸੰਮਤ ੧੫੨੬) ਵਿੱਚ ਪੰਜਾਬ ਦੀ ਧਰਤੀ ਸ੍ਰੀ ਨਨਕਾਣਾ ਸਾਹਿਬ ਵਿਖੇ ਪ੍ਰਗਟ ਹੋਏ। ਉਸ ਸਮੇਂ ਹਿੰਦੁਸਤਾਨ (ਭਾਰਤ) ਤੇ ਲੋਧੀ ਖ਼ਾਨਦਾਨ ਦੇ ਮੁਸਲਮਾਨਾਂ ਦਾ ਰਾਜ ਸੀ, ਭਾਰਤ ਦੇ ਦੋ ਮੁੱਖ ਫ਼ਿਰਕੇ ਹਿੰਦੂ ਅਤੇ ਮੁਸਲਮਾਨ ਸਨ। ਮੁਸਲਮਾਨਾਂ ਦਾ ਰਾਜ ਹੋਣ ਕਰਕੇ ਹਿੰਦੂ ਜਾਤੀ ਦੇ ਲੋਕ ਹਾਕਮ ਸ਼੍ਰੇਣੀ ਦੇ ਜ਼ੋਰ ਤੇ ਜ਼ੁਲਮ ਨੀਚੇ ਦੱਬੇ ਪਏ ਪਏ ਸਨ। ਹਿੰਦੂ ਜਾਤੀ ਬਿਲਕੁਲ ਦਬੇਲ ਬਣ ਚੁੱਕੀ ਸੀ। ਉਨ੍ਹਾਂ ਵਿੱਚ ਮਰਦਊਪਣਾ ਮਰ ਚੁੱਕਿਆ ਸੀ, ਉਨ੍ਹਾਂ ਦੀ ਪ੍ਰੋਹਤ ਸ਼ਰੇਣੀ (ਬਰਾਹਮਣਾਂ) ਨੇ ਲੋਕਾਂ ਨੂੰ ਵਹਿਮਾਂ ਭਰਮਾਂ ਅਤੇ ਕੂੜੇ ਰਸਮਾਂ ਰਿਵਾਜਾਂ ਵਿੱਚ ਅਲਚ੍ਹਾ ਛੱਡਿਆ ਸੀ, ਲੋਕਾਂ ਨੂੰ ਲੁੱਟਣ ਲਈ ਅਨੇਕਾਂ ਪ੍ਰਕਾਰ ਦੇ ਭਰਮ, ਸੂਤਕ ਪਾਤਕ ਆਦਿ ਦੇ ਏਨੇ ਪੀਡੇ ਜਾਲ ਵਿਛਾ ਛੱਡੇ ਸਨ ਕਿ ਜਿਨ੍ਹਾਂ ਵਿੱਚ ਫਸੇ ਲੋਕੀਂ ਨਰਕ ਭੋਗ ਰਹੇ ਸਨ। ਇਸਤਰੀ ਜਾਤੀ ਦੀ ਦਸ਼ਾ ਬਹੁਤ ਹੀ ਤਰਸ ਯੋਗ ਬਣ ਚੁੱਕੀ ਸੀ, ਲੋਕੀਂ ਦੇਵੀ ਦੇਵਤਿਆਂ, ਚੰਦ ਸੂਰਜ, ਮੜ੍ਹੀ ਮਸਾਣੀ ਆਦਿ ਦੀ ਪੂਜਾ ਵਿੱਚ ਖੱਚਤ ਹੋਏ ਫਿਰਦੇ ਸਨ। ਜਿਸ ਨੂੰ ਕਿਧਰੇ ਪ੍ਰਮਾਤਮਾਂ ਨੂੰ ਪਾਉਣ ਦੀ ਲਾਲਸਾ ਉਠਦੀ ਉਹ ਮਹਾਤਮਾਂ ਬੁੱਧ ਦੀ ਤਰ੍ਹਾਂ ਘਰ ਘਾਟ ਛੱਡਕੇ ਜੰਗਲਾਂ ਪਹਾੜਾਂ ਵਲ ਨੂੰ ਭੱਜ ਜਾਂਦਾ ਅਤੇ ਕਥਿਤ ਜੋਗੀਆਂ, ਸੰਨਿਆਸੀਆਂ ਦੇ ਟੋਲਿਆਂ ਵਿੱਚ ਜਾ ਰਲਦਾ। ਪ੍ਰਭੂ ਦੀ ਜੰਤਾ ਨੂੰ ਲੋਟੂ ਪ੍ਰੋਹਤ ਅਤੇ ਹਾਕਮ ਸ਼ਰੇਣੀਆਂ ਦੇ ਤਰਸ ਤੇ ਛੱਡ ਕੇ ਆਪ ਸਿਰ ਸੁਆਹ ਪਾ, ਲੰਗੋਟੀ ਲਾ, ਕੰਨੀਂ ਮੁੰਦਰਾਂ ਪਾ ਝੋਲੀ ਚਿਮਟਾ ਅਤੇ ਚਿੱਪੀ ਲੈ ਕੇ ਦਰ ਦਰ ਮੰਗਦਾ ਫਿਰਦਾ ਅਤੇ ਅਪਣੇ ਆਪ ਨੂੰ ਤਿਆਗੀ ਅਤੇ ਤਪੱਸਵੀ ਸਦਵਾਉਂਦਾ। ਇੱਕ ਜਿੱਲਣ ਵਿੱਚੋਂ ਨਿਕਲਕੇ ਦੂਜੀ ਜਿੱਲਣ ਵਿੱਚ ਫਸ ਜਾਂਦਾ।

ਹਾਕਮ ਸ਼ਰੇਣੀ (ਮੁਸਲਮਾਨ) ਐਸ਼ੋਇਸ਼ਰਤ (ਮੌਜ-ਮੇਲਾ) ਵਿੱਚ ਇੰਨੀ ਗੜੁੱਚ ਹੋ ਚੁੱਕੀ ਸੀ ਕਿ ਉਸ ਨੂੰ ਆਪਣੀ ਪਰਜਾ ਦੀਆਂ ਦੁੱਖ ਤਕਲੀਫ਼ਾਂ ਦੂਰ ਕਰਨ ਨੂੰ ਵੇਹਲ ਹੀ ਨਹੀਂ ਸੀ ਮਿਲਦਾ। ਧਰਮ ਦੇ ਸੰਚਾਲਕ ਕਾਜ਼ੀ ਆਪਣੇ ਹਾਕਮਾਂ ਨੂੰ ਖ਼ੁਸ਼ ਕਰਨ ਦੀ ਖ਼ਾਤਰ ਧਰਮ ਨਿਆਂ ਨੂੰ ਇੱਕ ਦਮ ਮੋੜ ਤੋੜਕੇ ਪੇਸ਼ ਕਰ ਦਿੰਦੇ, ਵੱਢੀ ਲੈ ਕੇ ਦਿਨ ਨੂੰ ਰਾਤ ਅਤੇ ਰਾਤ ਨੂੰ ਦਿਨ ਕਰ ਦਿੰਦੇ। ਹਾਕਮ ਕਾਜ਼ੀਆਂ ਦੇ ਇਨਸਾਫ਼ ਨੂੰ ਖ਼ੁਦਾ ਦਾ ਇਨਸਾਫ਼ ਸਮਝਦੇ ਅਤੇ ਇਸ ਤਰ੍ਹਾਂ ਹਨੇਰੇ ਵਿੱਚ ਲਾਠੀਆਂ ਚਲਾਈ ਜਾਂਦੇ। ਹਾਕਮ ਜੋ ਚਾਹਣ ਕਰ ਲੈਂਦੇ ਅਤੇ ਉਨ੍ਹਾਂ ਦੇ ਜਬਰ ਅੱਗੇ ਕੋਈ ਨਾ ਕੂੰਦਾ, ਆਮ ਪਰਜਾ ਅਤੇ ਖ਼ਾਸਕਰ ਹਿੰਦੂ ਸ਼ਰੇਣੀ ਦੀ ਹਾਲਤ ਬਹੁਤ ਤਰਸਯੋਗ ਸੀ, ਨਿੱਤ ਨਵੇਂ ਦਿਨ ਦੀਆਂ ਵਧੀਕੀਆਂ ਸਹਿ ਸਹਿ ਉਨ੍ਹਾਂ ਦਾ ਲੱਕ ਟੁੱਟ ਚੁੱਕਾ ਸੀ। ਅੰਧ-ਕੂਪ ਤੋਂ ਬਾਂਹ ਪਕੜ ਬਾਹਰ ਕੱਢਣ ਵਾਲਾ ਉਨ੍ਹਾਂ ਨੂੰ ਕੋਈ ਨਜ਼ਰ ਨਹੀਂ ਸੀ ਆ ਰਿਹਾ। ਕਿਧਰੇ ਕਿਧਰੇ ਕੋਈ ਟਾਵਾਂ ਟਾਵਾਂ ਦੀਵਾ ਟਿਮਟਮਾਂਦਾ (ਹਰੀ ਭਗਤ) ਨਜ਼ਰ ਪੈਂਦਾ ਤਾਂ ਲੋਕਾਂ ਨੂੰ ਕੁਝ ਲੋ ਮਿਲਦੀ ਪਰ ਪਰੋਹਤ ਸ਼ਰੇਣੀ ਨੇ ਵਹਿਮਾਂ ਭਰਮਾਂ ਅਤੇ ਕੂੜੇ ਰਸਮਾਂ ਰਿਵਾਜਾਂ ਦਾ ਏਨਾ ਜਾਲ ਵਿਛਾ ਛੱਡਿਆ ਸੀ ਕਿ ਵਿੱਚੋਂ ਨਿਕਲਣਾ ਬਹੁਤ ਹੀ ਮੁਸ਼ਕਲ ਹੋ ਗਿਆ ਸੀ। ਪੂਰਬ ਵਿੱਚ ਲੋਕੀਂ ਸੂਰਜ ਨੂੰ ਪਾਣੀ ਦੇਈ ਜਾ ਰਹੇ ਸਨ ਅਤੇ ਪੱਛਮ ਵਿੱਚ ਲੋਕੀਂ ਸੱਤ ਧਰਤੀਆਂ ਅਤੇ ਸੱਤ ਅਸਮਾਨਾਂ ਦਾ ਵਹਿਮ ਲਈ ਬੈਠੇ ਸਨ। ਹਿੰਦੂ ਪੂਰਬ ਨੂੰ ਅਤੇ ਮੁਸਲਮਾਨ ਪੱਛਮ ਨੂੰ ਰੱਬ ਦਾ ਘਰ ਮੰਨੀ ਬੈਠੇ ਸਨ। ਹਿੰਦੂ ਤਿਲਕ, ਜੰਞੂ ਅਤੇ ਸੂਤਕ ਪਾਤਕ ਦੇ ਚੱਕਰ ਵਿੱਚ ਫਸੇ ਹੋਏ ਸਨ ਅਤੇ ਮੁਸਲਮਾਨ ਸੁੰਨਤ ਦੇ ਚੱਕਰ ਵਿੱਚ ਖੱਚਤ ਹੋਏ ਪਏ ਸਨ। ਸੱਚੇ ਅਮਲਾਂ ਤੋਂ ਦੋਨੋ ਸ਼ਰੇਣੀਆਂ ਹੀ ਸੁੰਞੀਆਂ ਹੋ ਗਈਆਂ ਸਨ। ਮੁਸਲਮਾਨ ਅਤੇ ਹਿੰਦੂ ਦੋਵੇਂ ਹੀ ਈਰਖਾ, ਖ਼ੁਦੀ, ਬਖ਼ੀਲੀ ਅਤੇ ਤਕੱਬਰੀ ਦੀ ਅੱਗ ਵਿੱਚ ਸੜ ਰਹੇ ਸਨ। ਭਾਈ ਗੁਰਦਾਸ ਜੀ ਨੇ ਇਸ ਬਾਬਤ ਇਉਂ ਲਿਖਿਆ ਹੈ:—



www.AKJ.Org

"ਚਾਰਿ ਵਰਨ ਚਾਰਿ ਮਜ਼ਹਬਾਂ ਜਗ ਵਿਚਿ ਹਿੰਦੂ ਮੁਸਲਮਾਣੇ।
ਖੁਦੀ ਬਖੀਲੀ ਤਕਬਰੀ ਖਿੰਚੋਤਾਣ ਕਰੇਨਿ ਧਿਙਾਣੇ।
ਗੰਗ ਬਨਾਰਸਿ ਹਿੰਦੂਆਂ ਮਕਾ ਕਾਬਾ ਮੁਸਲਮਾਣੇ।
ਸੁੰਨਤਿ ਮੁਸਲਮਾਣ ਦੀ ਤਿਲਕ ਜੰਞੂ ਹਿੰਦੂ ਲੋਭਾਣੇ।
ਰਾਮ ਰਹੀਮ ਕਹਾਇੰਦੇ ਇਕੁ ਨਾਮੁ ਦੁਇ ਰਾਹ ਭੁਲਾਣੇ।
ਬੇਦ ਕਤੇਬ ਭੁਲਾਇਕੈ ਮੋਹੇ ਲਾਲਚ ਦੁਨੀ ਸੈਤਾਣੇ।
ਸਚੁ ਕਿਨਾਰੇ ਰਹਿ ਗਿਆ ਖਹਿ ਮਰਦੇ ਬਾਹਮਣ ਮਉਲਾਣੇ।
ਸਿਰੋ ਨ ਮਿਟੇ ਆਵਣ ਜਾਣੇ।"

(ਵਾਰ ੧, ਪਉੜੀ ੨੧)

ਦੁਨੀਆਂ ਵਿਚ ਝੂਠ, ਜ਼ੁਲਮ, ਪਖੰਡ ਦਾ ਦਖਾਵਾ ਚਾਰੇ ਪਾਸੇ ਫੈਲਿਆ ਹੋਇਆ ਸੀ। ਅਗ ਵਰ੍ਹ ਰਹੀ ਸੀ। ਲੋਕਾਈ ਦੁਖੀ ਸੀ,ਤੜਫ ਰਹੀ ਸੀ। ਕੋਈ ਨਹੀਂ ਸੀ ਜੋ ਅੰਧੇਰ-ਗਰਦੀ ਵਿਚ ਲੋਕਾਂ ਨੂੰ ਸੁੱਖ ਦਾ ਰਾਹ ਦਿਖਾਏ, ਕੋਈ ਨਹੀਂ ਸੀ ਜੋ ਧਰਮ ਤੇ ਚਲਾਏ, ਕੋਈ ਨਹੀਂ ਜੋਸੀ ਰੱਬ ਦੇ ਰਾਹ ਤੋਰੇ ਤੇ ਠੰਡ ਵਰਤਾਏ। ਅਜੇਹੀ ਨਿੱਘਰੀ ਹੋਈ ਦਸ਼ਾ ਵਿੱਚ ਜ਼ੁਲਮ ਜਬਰ ਦੇ ਸਤਾਏ ਹੋਏ ਲੋਕਾਂ ਦੀਆਂ ਆਹਾਂ ਉਠੀਆਂ, ਹੌਕੇ ਤੇ ਤਰਲੇ ਨਿਕਲੇ। ਲੋਕੀਂ ਦੇਵੀ ਸ਼ਕਤੀ ਅੱਗੇ ਪੁਕਾਰ ਉਠੇ ਕਿ ਕੋਈ ਸ਼ੇਰ ਭਬਕ ਮਾਰੇ ਤਾਂ ਜੋ ਨਿਤ ਦਿਨ ਗਰੀਬ ਜੰਤਾ ਨੂੰ ਸਮਾਜ ਦੇ ਚੌਦਰੀ ਬਘਿਆੜਾਂ ਤੋਂ ਛੁਡਾਵੇ। ਗਰੀਬਾਂ ਅਤੇ ਮਜ਼ਲੂਮਾਂ ਦੀ ਆਵਾਜ਼ ਪਰਮਾਤਮਾਂ ਦੇ ਦਰ ਸੁਣੀ ਗਈ। ਦੁਨੀਆਂ ਰੂਪੀ ਜੇਲ੍ਹ ਵਿੱਚ ਦਰੋਗਿਆਂ ਦੇ ਸਤਾਏ ਹੋਏ ਮਨੁੱਖ ਰੂਪ ਕੈਦੀਆਂ ਦੀ ਬੰਦ ਖਲਾਸੀ ਲਈ ਬੰਦੀ-ਛੋੜ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਇਸ ਜਗਤ ਵਿੱਚ ਭੇਜਿਆ ਗਿਆ। ਭਾਈ ਗੁਰਦਾਸ ਜੀ ਇਉਂ ਵਰਣਨ ਕਰਦੇ ਹਨ :—

"ਸੁਣੀ ਪੁਕਾਰਿ ਦਾਤਾਰ ਪ੍ਰਭੁ
ਗੁਰੁ ਨਾਨਕ ਜਗ ਮਾਹਿ ਪਠਾਇਆ।
ਚਰਨ ਧੋਇ ਰਹਰਾਸਿ ਕਹਿ ਚਰਣਾਮ੍ਰਿਤੁ ਸਿਖਾਂ ਪੀਲਾਇਆ।
ਪਾਰਬ੍ਰਹਮ ਪੂਰਨ ਬ੍ਰਹਮ ਕਲਜੁਗ ਅੰਦਰਿ ਇਕ ਦਿਖਾਇਆ।
ਚਾਰੇ ਪੈਰ ਧਰਮ ਦੇ ਚਰਿ ਵਰਨ ਇਕ ਵਰਨੁ ਕਰਾਇਆ।
ਰਾਣਾ ਰੰਕ ਬਰਾਬਰੀ ਪੈਰੀ ਪਵਣਾ ਜਗਿ ਵਰਤਾਇਆ।
ਉਲਟਾ ਖੇਲੁ ਪਿਰੰਮ ਦਾ ਪੈਰਾ ਉਪਰਿ ਸੀਸੁ ਨਿਵਾਇਆ।
ਕਲਜੁਗੁ ਬਾਬੇ ਤਾਰਿਆ ਸਤਿਨਾਮੁ ਪੜਿ ਮੰਤ੍ਰ ਸੁਣਾਇਆ।
ਕਲਿ ਤਾਰਣ ਗੁਰੁ ਨਾਨਕ ਆਇਆ।"

(ਵਾਰ ੧, ਪਉੜੀ ੨੩)

ਸਤਿਗੁਰੂ ਨਾਨਕ ਦੇਵ ਜੀ ਕਲਜੁਗੀ ਜੀਵਾਂ ਦਾ ਉਧਾਰ ਕਰਨ ਲਈ ਇਸ ਜਗਤ ਵਿੱਚ ਆਏ। ਉਹ ਆਮ ਲੋਕਾਂ ਵਾਂਗ ਜਨਮਾਂ ਜਨਮਾਤਰਾਂ ਦੇ ਧੱਕੇ ਖਾਂਦੇ ਹੋਏ ਜੂਨ ਭੋਗਣ ਵਾਸਤੇ ਮਾਤ ਲੋਕ ਵਿੱਚ ਨਹੀਂ ਆਏ। ਉਹ ਤੇ ਤਪਦੀ ਪ੍ਰਿਥਵੀ ਨੂੰ ਠਾਰਨ ਵਾਸਤੇ ਪ੍ਰਗਟ ਹੋਏ। ਅਕਾਲ ਪੁਰਖ ਨੇ ਮਾਤ-ਲੋਕ ਦੇ ਜੀਵਾਂ ਤੇ ਤਰਸ ਖਾਧਾ ਅਤੇ ਆਪਣੇ ਸਪੂਤ ਨੂੰ ਸੰਸਾਰ ਵਿੱਚ ਭੇਜਿਆ। ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਵਿੱਚ ਆਏ। ਆਪਣੇ ਜਿੰਮੇ ਲੱਗੀ ਡਿਊਟੀ ਨੂੰ ਪੂਰਾ ਕਰਕੇ ਪ੍ਰਭੂ ਦੇ ਹੁਕਮਾਂ ਅਨੁਸਾਰ ਵਾਪਸ ਚਲੇ ਗਏ। ਉਹ ਸੰਸਾਰ ਵਿੱਚ ਸਤਿ ਦਾ ਦੀਵਾ ਜਗਾ ਗਏ। ਸੱਚ-ਖੰਡ ਵਿੱਚੋਂ ਉਨ੍ਹਾਂ ਨੂੰ 'ਸ਼ਬਦ' ਦੀ ਬਖਸ਼ਸ਼ ਹੋਈ ਜਿਸ ਕਾਰਨ ਉਨ੍ਹਾਂ ਦੇ ਘਟ (ਸਰੀਰ) ਅੰਦਰ "ਸੱਤ" ਦੀ ਜੋਤ ਲਟ ਲਟ ਕਰ ਉੱਠੀ। ਸੱਤਰ ਸਾਲ ਉਹ ਜੋਤ ਨਾਨਕ-ਨਿਰੰਕਾਰੀ ਦੇ ਹਿਰਦੇ ਵਿੱਚ ਜਗਦੀ ਰਹੀ ਅਤੇ ਜਦੋਂ ਅਕਾਲ ਪੁਰਖ ਦਾ ਹੁਕਮ ਹੋਇਆ ਤਾਂ ਉਸੇ ਹੀ ਜੋਤ ਦਾ ਪ੍ਰਕਾਸ਼ ਭਾਈ ਲਹਿਣੇ ਦੇ ਹਿਰਦੇ ਵਿੱਚ ਹੋ ਗਿਆ। ਭਾਈ ਲਹਿਣਾ ਜੀ ਸਤਿਗੁਰੂ ਨਾਨਕ ਦੇਵ ਜੀ ਦੇ ਅੰਗ ਲਗ ਕੇ ਅੰਗਦ ਬਣ ਗਏ ਅਤੇ "ਸ਼ਬਦ" ਦੇ ਪਰਵੇਸ਼ ਕਾਰਨ ਸ੍ਰੀ ਗੁਰੂ ਅੰਗਦ ਦੇਵ ਜੀ ਕਹਿਲਾਏ। ਨਾਨਕ-ਜੋਤ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਅਰੰਭ ਹੋਈ ਅਤੇ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਇੱਕ ਨਾਨਕ ਤੋਂ ਦੂਜੇ, ਤੀਜੇ, ਚੌਥੇ, ਪੰਜਵੇਂ, ਛੇਵੇਂ, ਸਤਵੇਂ, ਅੱਠਵੇਂ, ਅਤੇ ਨੌਂਵੇਂ ਨਾਨਕ ਤੋਂ ਹੁੰਦੀ ਹੋਈ ਦਸਵੇਂ ਪਿਤਾ ਵਿੱਚ ਜਾ ਨਿਰੂਪਨ ਹੋਈ। ਦਸਮ ਪਿਤਾ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਵਲੋਂ ਅਰੰਭੇ ਮਹਿਲ ਨੂੰ ਪੂਰਾ ਕਰ ਦਿੱਤਾ। ਸ੍ਰੀ ਗੁਰੂ ਨਾਨਕ ਦੇਵ ਜੀ ਸੰਸਾਰ ਵਿੱਚ ਸਤਿ ਦਾ ਮਾਰਗ ਅਥਵਾ "ਨਿਰਮਲ ਪੰਥ" ਚਲਾਵਣ ਵਾਸਤੇ ਆਏ ਸਨ। ਨਿਰਮਲ-ਪੰਥ ਦੀ ਉਸਾਰੀ ਦਸਾਂ ਜਾਮਿਆਂ ਵਿੱਚ ਹੋਈ। ਪੰਥ ਉਸਾਰੀ ਵਾਸਤੇ ਸੇਵਾ ਕਰਨੀ ਪਈ ਅਤੇ ਸ਼ਹੀਦੀ ਦੇਣੀ ਪਈ। ਖੋਟ ਨੂੰ ਕੱਢਣ ਵਾਸਤੇ ਖਰਾ ਖੂਨ ਭੀ ਉਪਰੇਸ਼ਨ ਸਮੇਂ ਡੋਲ੍ਹਣਾ ਪਿਆ। ਗੰਦ ਮੰਦ ਨਿਕਲ ਕੇ ਨਿਰਮਲਤਾ ਆਈ। ਬੜੀ ਸਖਤ ਘਾਲਣਾ ਘਾਲਣੀ ਪਈ ਰੋਗੀਆਂ ਦੇ ਵੈਦ ਗੁਰੂ ਨੂੰ "ਨਿਰਮਲ ਪੰਥ" ਸਾਜਣ ਲਈ। ਦਸਮ ਪਿਤਾ ਨੇ ਪੂਰਨਤਾਈ ਦੀ ਛੋਹ ਦਿੰਦਿਆਂ ਹੋਇਆਂ ਨਿਰਮਲ ਪੰਥ ਦਾ ਨਾਂ "ਖਾਲਸਾ-ਪੰਥ"—ਖਾਲਸ ਲੋਕਾਂ ਦਾ ਪੰਥ, ਉਜਾਗਰ ਕਰ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅੱਗੋਂ ਲਈ ਖਾਲਸੇ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ



www.AKJ.Org

ਲਾ ਦਿੱਤਾ। ਪੰਜ ਪੈਸੇ ਅਤੇ ਨਾਰੀਅਲ ਅਗੇ ਰਖਕੇ "ਸ਼ਬਦ ਗੁਰੂ" ਨੂੰ ਮੱਥਾ ਟੇਕ ਦਿੱਤਾ ਅਤੇ ਇਹ ਦੋਹਿਰਾ ਉਚਾਰਨ ਕੀਤਾ :—

ਆਗਿਆ ਭਈ ਅਕਾਲ ਕੀ ਤਬੇ ਚਲਾਯੋ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।
ਗੁਰੂ ਗਰੰਥ ਕੋ ਮਾਨੀਓ ਪ੍ਰਗਟ ਗੁਰਾਂ ਕੀ ਦੇਹ।
ਜੋ ਪ੍ਰਭ ਕੋ ਮਿਲਬੋ ਚਹੇ ਖੋਜ ਸ਼ਬਦ ਮੇਂ ਲੇਹ।

(ਸ੍ਰੀ ਮੁਖਵਾਕ ਪਾਤਸ਼ਾਹੀ ੧੦;)

(ਪੰਥ ਪ੍ਰਕਾਸ਼, ਗਿਆਨੀ ਗਿਆਨ ਸਿੰਘ)

ਸ੍ਰੀ ਗੁਰੂ ਨਾਨਕ ਦੇਵ ਜੀ ਧਰਤੀ ਦੇ ਲੋਕਾਂ ਨੂੰ ਅਕਾਲ ਪੁਰਖ ਦੇ ਰਾਹ ਪਾਉਣ ਲਈ ਅਥਵਾ ਨਾਮ ਜ਼ਪਾਉਣ ਲਈ ਇਸ ਸੰਸਾਰ ਵਿੱਚ ਆਏ। ਉਹ ਇੱਥੇ ਆਕੇ ਇੱਕ ਥਾਂ ਹੀ ਟਿਕੇ ਨਹੀਂ ਰਹੇ ਸਗੋਂ ਪੂਰਬ, ਪੱਛਮ, ਉੱਤਰ ਅਤੇ ਦੱਖਣ ਵਲ ਦੂਰ ਦੂਰ ਤਕ ਗਏ। ਜਿੱਥੇ ਕਿੱਥੇ ਭੀ ਅਧਰਮ ਦੇ ਅੱਡੇ ਸਨ। ਜਿਨ੍ਹਾਂ ਨੂੰ ਵਹਿਮੀ ਲੋਕ ਧਰਮ ਸਥਾਨ ਕਹਿੰਦੇ ਸਨ, ਉੱਥੇ ਉੱਥੇ ਗਏ ਅਤੇ ਜਿੱਧਰ ਗਏ ਜਾ ਭਬਕ ਮਾਰੀ। ਕੂੜ ਦੁੰਮ ਦਬਾ ਕੇ ਭੱਜ ਗਿਆ ਅਤੇ ਸਤਿ ਦਾ ਸੂਰਜ ਚੜ੍ਹ ਗਿਆ, ਗੁਰੂ ਜੀ ਕੁਰਕੁਸ਼ੇਤਰ ਗਏ, ਹਰਦਵਾਰ ਪਹੁੰਚੇ, ਕਾਂਸ਼ੀ ਅੱਪੜੇ, ਜਗਨਨਾਥ ਪੁਰੀ, ਲੰਕਾ, ਆਸਾਮ ਬੰਗਾਲ ਆਦਿ ਜਾ ਪ੍ਰਗਟ ਹੋਏ, ਅਸਮੇਧ ਪਰਬਤ ਜਾ ਚੜ੍ਹੇ, ਬਟਾਲੇ, ਸਿਆਲਕੋਟ, ਮੁਲਤਾਨ, ਮੱਕਾ, ਮਦੀਨਾ, ਬਗਦਾਦ ਆਦਿ ਜਾ ਭਬਕ ਮਾਰੀ। ਧਰਮ ਦੇ ਠੇਕੇਦਾਰਾਂ ਨਾਲ ਜਾ ਮੱਥਾ ਲਾਇਆ। ਕੁਰਾਹੇ ਪਿਆਂ ਨੂੰ ਸਿਧੇ ਰਾਹ ਪਾਇਆ। ਪੱਛਮ ਦੇ ਪੁਜਾਰੀਆਂ ਨੂੰ ਜਾ ਹਿਲਾਇਆ ਕਿ ਸਤ ਧਰਤੀਆਂ ਤੇ ਸਤ ਅਸਮਾਨ ਨਹੀਂ ਸਗੋਂ ਬੇਅੰਤ ਹਨ।

"ਪਾਤਾਲਾ ਪਾਤਾਲ ਲਖ ਆਗਾਸਾ ਆਗਾਸ।
ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।
ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ।
ਲੇਖਾ ਹੋਇ ਤ ਲਿਖੀਐ ਲੇਖੈ ਹੋਇ ਵਿਣਾਸੁ।
ਨਾਨਕ ਵਡਾ ਆਖੀਐ ਆਪੇ ਜਾਣੈ ਆਪੁ।"

"ਧਰਤੀ ਹੋਰੁ ਪਰੈ ਹੋਰੁ ਹੋਰੁ
ਤਿਸ ਤੇ ਭਾਰੁ ਤਲੈ ਕਵਣੁ ਜੋਰੁ।"
"ਕੇਤੇ ਇੰਦ ਚੰਦ ਸੂਰ ਕੇਤੇ, ਕੇਤੇ ਮੰਡਲ ਦੇਸ।"

(ਜਪੁਜੀ ਸਾਹਿਬ)

ਜੰਞੂ ਪਾਉਣ ਵਾਲਿਆਂ ਨੂੰ ਕਿਹਾ ਕਿ ਇਹੋ ਜਿ ਜਨੇਊ ਪਾਉਣਾ ਚਾਹੀਦਾ ਹੈ ਜਿਸ ਦੀ ਕਪਾਹ ਤਰਸ ਹੋਵੇ, ਸੂਤ ਸੰਤੋਖ ਹੋਵੇ, ਸਚਾਈ ਤੇ ਪੱਕੇ ਰਹਿਣ ਦਾ ਉਸਨੂੰ ਵੱਟ ਦਿੱਤਾ ਹੋਵੇ, ਕਾਮ-ਵਾਸ਼ਨਾ ਨੂੰ ਰੋਕਣਾ ਜਾਂ ਜਤ ਧਾਰਨ ਕਰਨਾ ਉਸ ਦੀਆਂ ਗੰਢਾਂ ਹੋਣ।

"ਦਇਆ ਕਪਾਹ, ਸੰਤੋਖ ਸੂਤੁ,
ਜਤੁ ਗੰਢੀ, ਸਤੁ ਵਟੁ।
ਇਹ ਜਨੇਊ ਜੀਅ ਕਾ ਹਈ ਤਾਂ ਪਾਂਡੇ ਘਤੁ।"

(ਆਸਾ ਦੀ ਵਾਰ)

ਇਸਤ੍ਰੀ ਜਾਤੀ ਨੂੰ ਨਿੰਦਣ ਵਾਲਿਆਂ ਨੂੰ ਕਿਹਾ ਕਿ ਜਿਹੜੀ ਰਾਜਿਆਂ ਭਗਤਾਂ ਨੂੰ ਜਨਮ ਦਿੰਦੀ ਹੈ ਉਸਨੂੰ ਕਿਉਂ ਨਿੰਦਿਆ ਜਾਏ।

"ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ।
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ।
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।"

(ਆਸਾ ਦੀ ਵਾਰ)

ਸੂਤਕ ਪਾਤਕ ਨੂੰ ਖੰਡਨ ਕਰਦੇ ਹੋਏ ਕਿਹਾ ਕਿ ਅਸਲੀ ਸੂਤਕ ਤਾਂ ਲੋਭੁ, ਝੂਠ, ਨਿੰਦਾ, ਪਰਾਇਆ ਧਨ ਅਤੇ ਪਰਾਈ ਇਸਤ੍ਰੀ ਦੇ ਰੂਪ ਨੂੰ ਮੰਦੀ ਨਜ਼ਰ ਨਾਲ ਦੇਖਦਾ ਹੈ।

"ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ।
ਅਖੀ ਸੂਤਕੁ ਵੇਖਣਾ ਪਰ ਤ੍ਰਿਆ ਪਰ ਧਨ ਰੂਪ।
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ।
ਨਾਨਕ ਹੰਸਾ ਆਦਮੀ ਬੱਧੇ ਜਮਪੁਰ ਜਾਹਿ।
ਸਭੋ ਸਤਕੁ ਭਰਮੁ ਹੈ ਦੂਜੇ ਲਗੈ ਜਾਹਿ।
ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਹਿ।
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ,
ਨਾਨਕ ਜਿਨੀ ਗੁਰਮੁਖਿ ਬੁਝਿਆ ਤਿਨਾ ਸੂਤਕ ਨਾਹਿ।"

(ਆਸਾ ਦੀ ਵਾਰ)

ਭੇਖੀ ਜੋਗੀਆਂ ਨੂੰ ਕਿਹਾ ਕਿ ਹੇ ਜੋਗੀ! ਜੇ ਤੂੰ ਸੰਤੋਖ ਨੂੰ ਆਪਣੀਆਂ ਮੁੰਦਰਾਂ ਬਣਾਵੇਂ ਮਿਹਨਤ ਨੂੰ ਖੱਪਰ ਤੇ ਝੋਲੀ ਬਣਾਵੇਂ ਅਤੇ ਪਰਮਾਤਮਾ ਨੂੰ ਸਦਾ ਚੇਤੇ ਰੱਖਣ ਦੀ ਸੁਆਹ ਮਲੇਂ, ਮੌਤ ਦਾ ਭੈ ਤੇਰੀ ਗੋਦੜੀ ਹੋਵੇ ਤੇਰੇ ਜੋਗ ਦੀ ਰਹਿਤ ਇਹ ਹੋਵੇ ਕਿ ਸਰੀਰ ਨੂੰ ਵਿਕਾਰਾਂ ਤੋਂ ਬਚਾ



www.AKJ.Org

ਕੇਕੇਂਵਾਰਿਆਂ ਵਾਂਗ ਪਵਿੱਤਰ ਰੱਖਣਾ ਹੈ ਅਤੇ ਨਿਸਚਾ ਤੇਰਾ ਡੰਡਾ ਹੋਵੇ, ਸਾਰੇ ਮਨੁੱਖਾਂ ਨੂੰ ਆਪਣੇ ਬਰਾਬਰ ਅਤੇ ਆਪਣੇ ਮਿੱਤਰ ਸਮਝੋਂ ਤਾਂ ਇਹ ਤੁਹਾਡਾ "ਆਈ-ਪੰਥ" (ਜੋਗੀਆਂ ਦੇ ੧੨ ਫਿਰਕਿਆਂ ਵਿਚੋਂ ਇਕ ਫਿਰਕਾ) ਵਿਚ ਹੋਣਾ ਹੋਵੇਗਾ। ਮਨ ਨੂੰ ਜਿਤਿਆਂ ਹੀ ਸਾਰਾ ਜਗਤ ਜਿਤਿਆ ਜਾਂਦਾ ਹੈ।

"ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ ॥
ਖਿੰਥਾ ਕਾਲੁ ਕੁਆਰੀ ਕਾਇਆ ਜੁਗਤਿ ਡੰਡਾ
ਪਰਤੀਤਿ ॥
ਆਈ ਪੰਥੀ ਸਗਲ ਜਮਾਤੀ ਮਨਿ ਜੀਤੈ ਜਗੁ
ਜੀਤੁ ॥"
(ਜਪੁਜੀ ਸਾਹਿਬ)

ਮੁਸਲਮਾਨਾਂ ਨੂੰ ਕਿਹਾ —
"ਮਿਹਰ ਮਸੀਤਿ, ਸਿਦਕੁ ਮੁਸਲਾ
ਹਕੁ ਹਲਾਲ ਕੁਰਾਣੁ ॥
ਸਰਮ ਸੁੰਨਤਿ ਸੀਲੁ ਰੋਜਾ
ਹੋਹੁ ਮੁਸਲਮਾਨੁ ॥"
(ਮਾਝ ਕੀ ਵਾਰ ਮ: ੧)

(ਦਇਆ ਦੇ ਦੁਆਰ ਆ ਕੇ ਸਿਦਕ ਦੀ ਸਫ਼ ਵਿਛਾ ਕੇ, ਸ਼ਰਮ ਦੀ ਸੁੰਨਤ ਕਰਕੇ, ਸ਼ੀਲ ਸੁਭਾ ਦਾ ਰੋਜ਼ਾ ਰਖਕੇ, ਧਰਮ ਨਿਆਂ ਨੂੰ ਕੁਰਾਨ ਸਮਝਕੇ ਸੱਚਾ ਮੁਸਲਮਾਨ ਬਣ।)

ਭੁੱਲੀ ਭਟਕੀ ਲੁਕਾਈ ਨੂੰ ਕਿਹਾ ਕਿ ਦੁਚਿੱਤੀ ਵਿਚ ਨਾ ਪਵੋ। ਪ੍ਰਮਾਤਮਾ ਇਕ ਹੈ। ਉਸ ਤੋਂ ਛੁਟ ਕਿਸੇ ਹੋਰ ਦੇਵੀ ਦੇਵਤੇ ਮੜ੍ਹੀ ਮਸਾਣੀ ਨੂੰ ਨਾ ਪੂਜੋ।

"ਦੁਬਿਧਾ ਨਾ ਪੜਉ ਹਰਿ ਬਿਨੁ ਹੋਰ ਨਾ ਪੂਜਉ ਮੜੈ ਮਸਾਣਿ ਨਾ ਜਾਈ।"

ਸ੍ਰੀ ਗੁਰੂ ਨਾਨਕ ਦੇਵ ਜੀ ਜ਼ਿਧਰ ਭੀ ਗਏ ਉਨ੍ਹਾਂ ਨੇ ਲੋਕਾਈ ਨੂੰ ਸਤਿ ਦੇ ਮਾਰਗ ਤੇ ਚਲਣ ਲਈ ਅਤੇ ਸਚਿਆਰ ਬਣਨ ਲਈ ਪਰੇਰਨਾ ਕੀਤੀ। ਉਨ੍ਹਾਂ ਨੇ ਕਿਹਾ ਕਿ ਸੱਚੇ ਆਚਰਨ ਬਿਨਾਂ ਲੋਕੀਂ ਕੂੜ ਕੁਸੱਤ ਵਿਚ ਹੀ ਗਲਤਾਨ ਰਹਿਣਗੇ। ਸੱਚ ਦਾ ਪੱਲਾ ਫੜੇ ਬਿਨਾਂ ਸੱਚੇ ਸ਼ਹੁ (ਵਾਹਿਗੁਰੂ) ਨਾਲ ਪ੍ਰੀਤੀ ਨਹੀਂ ਪੈ ਸਕਦੀ। ਸੱਚ ਦਾ ਢੰਡੋਰਾ ਫੇਰਨ ਲਈ ਗੁਰੂ ਜੀ ਨੇ ਆਪਣੇ ਨਾਲ ਦਾਨੇ ਮਿਰਾਸੀ ਨੂੰ ਲਿਆ। ਉਸਨੂੰ ਰਬਾਬ ਦੀ ਬਖਸ਼ਸ਼ ਕੀਤੀ। ਦਾਨਾ ਕਾਮਲ-ਮਰਦ (ਸ੍ਰੀ ਗੁਰੂ ਨਾਨਕ ਦੇਵ ਜੀ) ਨਾਲ ਮਿਲਕੇ ਮਰਦਾਨਾ ਬਣ ਗਿਆ। ਇਸ ਤਰ੍ਹਾਂ ਗੁਰੂ ਜੀ "ਚੜ੍ਹਿਆ ਸੋਧਣਿ ਧਰਤ ਲੁਕਾਈ।"

ਗੁਰੂ ਜੀ ਸ਼ੇਰ ਵਾਂਗ ਬੁੱਕੇ। ਭਬਕ ਸੁਣਕੇ ਕੂੜ ਕੁਸੱਤ ਦੇ ਪੁਜਾਰੀ ਭੱਜ ਉਠੇ।

"ਬੁੱਕਿਆ ਸਿੰਘ ਉਜਾੜ ਵਿਚਿ
ਸਭਿ ਮਿਰਗਾਵਲਿ ਭੰਨੀ ਜਾਈ।"
(ਭਾਈ ਗੁਰਦਾਸ, ਵਾਰ ੧ ਪਉੜੀ ੩੪)

ਸਤਿ ਦਾ ਸੂਰਜ ਚੜ੍ਹ ਗਿਆ ਅਤੇ ਜਗ ਵਿਚ ਰੁਸ਼-ਨਾਈ ਹੋ ਗਈ ਅਤੇ ਹਨੇਰਾ ਦੂਰ ਗਿਆ।

ਗੁਰੂ ਜੀ ਨੇ ਆਵਾਜ਼ਾ ਦਿਤਾ :—

੧ ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

"੧ ੴ" ਵਾਹਿਗੁਰੂ ਕੇਵਲ ਇਕ ਹੈ ਅਤੇ ਇਕਰਸ ਵਿਆਪਕ ਹੈ।

**ਸਤਿਨਾਮ** :—ਉਸਦਾ ਨਾਮ ਸਤਿ ਹੈ।

**ਕਰਤਾ ਪੁਰਖ** :—ਉਹ ਸਾਰੀ ਸਰਿਸ਼ਟੀ ਦਾ ਬਣਾਉਣ ਵਾਲਾ ਹੈ।

**ਨਰਭਉ** :—ਉਹ ਭੈ ਰਹਿਤ ਹੈ।

**ਨਿਰਵੈਰ** :—ਉਹ ਵੈਰ ਰਹਿਤ ਹੈ।

**ਅਕਾਲ ਮੂਰਤਿ** : - ਉਹ ਮੌਤ ਰਹਿਤ ਹੈ।

**ਅਜੂਨੀ** :—ਉਹ ਜੰਮਦਾ ਮਰਦਾ ਨਹੀਂ।

**ਸੈਭੰ** :—ਉਸਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ।

**ਗੁਰਪ੍ਰਸਾਦਿ** :—ਉਹ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ।

"ਆਦਿ ਸਚੁ ਜੁਗਾਦਿ ਸਚੁ ਹੈਭੀ ਸਚੁ ਨਾਨਕ ਹੋਸੀ ਭੀ ਸਚੁ।"

ਗੁਰੂ ਜੀ ਨੇ ਕਿਹਾ ਕਿ ਉਹ ਵਾਹਿਗੁਰੂ ਮੁੱਢ ਤੋਂ ਸੱਚਾ ਹੈ, ਉਹ ਜੁਗਾਂ ਦੇ ਮੁਢ ਤੋਂ ਮੌਜੂਦ ਹੈ, ਉਹ ਹੁਣ ਵੀ ਹੈ ਅਤੇ ਅਗਾਂਹ ਨੂੰ ਭੀ ਕਾਇਮ ਰਹੇਗਾ। ਉਨ੍ਹਾਂ ਕਿਹਾ ਕਿ ਅਸੀਂ ਸਚਿਆਰੇ ਤਾਂ ਬਣ ਸਕਦੇ ਹਾਂ ਜੇ ਉਸ ਮਾਲਕ ਦੇ ਹੁਕਮਾਂ ਅੰਦਰ ਚੱਲੀਏ।



www.AKJ.Org

ਪ੍ਰਸ਼ਨ :—ਕਿਵੇਂ ਸਚਿਆਰਾ ਹੋਈਐ
ਕਿਵ ਕੂੜੈ ਤੂਟੈ ਪਾਲਿ ।''
ਉੱਤਰ :—ਹੁਕਮਿ ਰਜਾਈ ਚਲਣਾ ਨਾਨਕ
ਲਿਖਿਆ ਨਾਲਿ ।''
(ਜਪੁਜੀ ਸਾਹਿਬ)

ਸਤਿਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਦੇ ਹੁਕਮਾਂ ਦੀ ਸੋਝੀ ਕਰਵਾਈ। ਜਦੋਂ ਗੁਰੂ ਜੀ ਵਜਦ ਵਿੱਚ ਆਉਂਦੇ ਤਾਂ ਆਪਣੇ ਹਿਰਦੇ ਰੂਪੀ ਰਸੀਵਰ (Reciver) ਨੂੰ ਸੱਚ-ਖੰਡੀ ਰੇਡੀਓ ਸਟੇਸ਼ਨ ਨਾਲ ਸੁਰ ਕਰਦੇ। ਮਰਦਾਨੇ ਨੂੰ ਕਹਿੰਦੇ, ''ਮਰਦਾਨਿਆ ! ਛੇੜ ਰਬਾਬ ਬਾਣੀ ਆਈ ਹੈ।'' ਮਰਦਾਨਾ ਰਬਾਬ ਵਜਾਉਂਦਾ ਅਤੇ ਧੁਰ ਕੀ ਬਾਣੀ ਦਾ ਅਲਾਪ ਸ਼ੁਰੂ ਹੋ ਜਾਂਦਾ। ਸੰਗੀ ਸਾਥੀ ਉਸ ਅਲਾਪ ਨੂੰ ਕਲਮ ਬੱਧ ਕਰ ਲੈਂਦੇ। ਇਸ ਤਰ੍ਹਾਂ ਰੱਬੀ ਬਾਣੀ ਦੀਆਂ ਪੋਥੀਆਂ ਬਣਦੀਆਂ ਗਈਆਂ ਜਿਨ੍ਹਾਂ ਨੂੰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬਾਬਾ ਮੋਹਨ ਜੀ ਪਾਸੋਂ ਪ੍ਰਾਪਤ ਕਰਕੇ ਸ੍ਰੀ ਗ੍ਰੰਥ ਜੀ ਦੀ ਬੀੜ ਬੱਧੀ। ਅਕਾਲੀ ਹੁਕਮ ਪੋਥੀ ਵਿੱਚ ਸੰਭਾਲੇ ਗਏ। ਪੋਥੀ ਦਾ ਪਰਕਾਸ਼ ਹਰਿਮੰਦਰ ਸਾਹਿਬ ਜੀ ਵਿੱਚ ਕੀਤਾ ਗਿਆ। ਪੋਥੀ ਵਿੱਚ ਧੁਰ ਦਰਗਾਹੀ ਸ਼ਬਦ ਹੋਣ ਕਾਰਨ ਪਰਮੇਸ਼ਰ ਕਾ ਥਾਨ ਤੇ ਚਾਨਣ ਅਥਵਾ ਗਿਆਨ ਦਾ ਭੰਡਾਰਾ ਬਣ ਗਈ।

ਸਤਿਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਸਸਾਰ ਨੂੰ ਕਾਮਲ ਗੁਰੂ ਮਿਲਿਆ। ਪੂਰੇ ਤੇ ਸੱਚੇ ਗੁਰੂ ਅਥਵਾ ਸਤਿਗੁਰੂ ਨੇ ਸੰਸਾਰ ਨੂੰ ਸੱਚੀ ਬਾਣੀ ਨਾਲ ਪਰਚਾ ਕਰਵਾਇਆ। ਬਾਣੀ ਰਾਹੀਂ ਪੂਰਨ ਬ੍ਰਹਮ ਗਿਆਨ ਦੀ ਰੋਸ਼ਨਾਈ ਦਿੱਤੀ, ਬਾਣੀ ਦੇ ਨਾਲ ਇੱਕ ਅਨਮੋਲ ਰਤਨ ਬਖਸ਼ਿਆ। ਪਰ ਉਹ ਉਨ੍ਹਾਂ ਦੇ ਹੀ ਪੱਲੇ ਪਿਆ ਜਿਨ੍ਹਾਂ ਨੇ ਸਤਿਗੁਰੂ ਦਾ ਪੱਲਾ ਫੜਿਆ, ਉਸ ਦੇ ਲੜ ਲੱਗੇ, ਉਸ ਦੀ ਸਿੱਖਿਆ ਪਾ ਕੇ ਸਿੱਖ ਸਦਾਏ। ਜਿਨ੍ਹਾਂ ਨੇ ਆਪਣੇ ਮਨ ਦੀ ਮਤ ਤਿਆਗ ਕੇ ਗੁਰੂ ਦੀ ਸਿੱਖਿਆ ਗ੍ਰਹਿਣ ਕੀਤੀ ਅਤੇ ਗੁਰਮੁਖ ਬਣੇ, ਉਨ੍ਹਾਂ ਤੇ ਗੁਰੂ ਦੀ ਰਹਿਮਤ ਹੋਈ। ਉਨ੍ਹਾਂ ਨੂੰ ਗੁਰੂ ਦੇ ਦਰੋਂ ਘਰੋਂ ''ਪਾਹੁਲ'' ਮਿਲੀ। ਪਾਹੁਲ ਕਾਰਨ ਗੁਰਮੰਤਰ ਮਿਲਿਆ, ਅਮੁੱਲਾ ਰਤਨ ਮਿਲਿਆ। ਜਿਸ ਨੂੰ ਅਮੁੱਲਾ ਰਤਨ ਮਿਲ ਗਿਆ ਉਸ ਨੂੰ ਫਿਰ ਕਿਸ ਗਲ ਦੀ ਘਾਟ ? ਗੁਰੂ ਦੁਆਰਿਓਂ ''ਨਾਮ'' ਦੀ ਦਾਤ ਮਿਲ ਗਈ। ਜਿਸ ਨੂੰ ਜਪਣਹਾਰ ਨਿਹਾਲੋ ਨਿਹਾਲ ਹੋ ਗਏ।

ਸਤਿਗੁਰੂ ਨੇ ''ਸਤਿਨਾਮ'' ਦਾ ਚੱਕਰ ਚਲਾ ਦਿੱਤਾ। ਸਤਿ-ਨਾਮ ਦੀ ਪੜ੍ਹਾਈ ਵਾਸਤੇ ਥਾਂ ਥਾਂ ਸਕੂਲ (ਧਰਮ-ਸਾਲਾ) ਖੁਲ੍ਹ ਗਏ। ਕਥਾ ਕੀਰਤਨ ਹੋਣ ਲਗ ਪਿਆ। ਅਗਿਆਨਤਾ ਦਾ ਹਨੇਰਾ ਦੂਰ ਹੋਣ ਲੱਗ ਪਿਆ ਅਤੇ ਗਿਆਨ ਦੇ ਸੂਰਜ ਦੀਆਂ ਕਿਰਨਾਂ ਪਸਰਨ ਲੱਗ ਪਈਆਂ। ਕਲਜੁਗ ਵਿੱਚ ਸਤਿਗੁਰੂ ਨਾਨਕ ਦੇਵ ਜੀ ਦੇ ਪ੍ਰਗਟ ਹੋਣ ਨਾਲ ਸਤਿ ਦੀ ਜੋਤ ਜਗ ਪਈ।

''ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜੁ ਨਿਕਲਿਆ,
ਤਾਰੇ ਛਪੇ ਅੰਧੇਰੁ ਪਲੋਆ।
ਸਿੰਘ ਬੁਕੇ ਮਿਰਗਾਵਲੀ,
ਭੰਨੀ ਜਾਇ ਨ ਧੀਰਿ ਧਰੋਆ।
ਜਿਥੇ ਬਾਬਾ ਪੈਰ ਧਰੇ,
ਪੂਜਾ ਆਸਣੁ ਥਾਪਣਿ ਸੋਆ।
ਸਿਧ ਆਸਣਿ ਸਭਿ ਜਗਤ ਦੇ,
ਨਾਨਕ ਆਦਿ ਮਤੇ ਜੇ ਕੋਆ।
ਘਰਿ ਘਰਿ ਅੰਦਰਿ ਧਰਮ ਸਾਲ,
ਹੋਵੈ ਕੀਰਤਨੁ ਸਦਾ ਵਿਸੋਆ।
ਬਾਬੇ ਤਾਰੇ ਚਾਰਿ ਚਕਿ,
ਨਉ ਖੰਡਿ ਪ੍ਰਿਥਵੀ ਸਚਾ ਢੋਆ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ।''

ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭)



www.AKJ.Org

# ਬਾਬੇ ਦਾ ਸੁਨੇਹਾ

( ਵਲੋਂ ਭਾਈ ਸਾਹਿਬ ਗੁਰਚਰਨ ਸਿੰਘ ਜੀ ਐਮ. ਏ., (ਪੰਜਾਬੀ ਧਰਮ )

( ਲੜੀ ਜੋੜਨ ਲਈ ਸਤੰਬਰ ਦਾ ਪਰਚਾ ਪੜ੍ਹੋ )

ਹੁਣ ਅਸਾਂ ਵਿਚਾਰਨਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗ੍ਰਿਹਸਤੀ ਸ਼ਰੇਣੀ ਨੂੰ ਕੀ ਸਨੇਹਾ ਦਿਤਾ। ਕਿਉਂਕਿ ਬਾਬੇ ਨਾਨਕ ਦਾ ਮਾਰਗ ਤਿਆਗ ਜਾਂ ਸੰਨਿਆਸ ਦਾ ਮਾਰਗ ਨਹੀਂ, ਸਗੋਂ ਰਾਜਯੋਗ ਦਾ ਮਾਰਗ ਹੈ। ਗ੍ਰਿਹਸਤ ਵਿਚ ਰਹਿ ਕੇ ਜੋਗੀ ਬਣਨ ਦਾ ਢੰਗ ਸਾਨੂੰ ਬਾਬੇ ਨਾਨਕ ਨੇ ਅਮਲੀ ਜੀਵਨ ਰਾਹੀਂ ਸਮਝਾਇਆ ਹੈ। ਬਾਬੇ ਦਾ ਸੁਨੇਹਾ ਸਾਡੇ ਗ੍ਰਿਹਸਤੀਆਂ ਲਈ ਬੜਾ ਸੁਖਾਲਾ ਅਤੇ ਸੁਖਦਾਈ ਹੈ। ਕਿਉਂਕਿ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਹਰ ਗ੍ਰਿਹਸਤੀ ਨੂੰ ਜੀਵਨ ਨਿਰਬਾਹ ਲਈ ਕੋਈ ਨਾ ਕੋਈ ਕਾਰ ਕਰਨੀ ਹੀ ਪੈਂਦੀ ਹੈ। ਭਾਵੇਂ ਕੋਈ ਕਿਰਸਾਨ ਹੋਵੇ, ਭਾਵੇਂ ਕੋਈ ਨੌਕਰੀ ਕਰੇ ਅਤੇ ਭਾਵੇਂ ਵਪਾਰ ਕਰੇ ਹਰ ਤਰ੍ਹਾਂ ਦੀ ਕਾਰ ਲਈ ਬਾਬੇ ਨਾਨਕ ਨੇ ਸਾਡੀ ਯੋਗ ਅਗਵਾਈ ਕੀਤੀ ਹੈ। ਕਿਰਤ ਲਈ ਪਹਿਲੀ ਸ਼ਰਤ ਸੰਤੋਖੀ ਹੋ ਕੇ ਸੁਕ੍ਰਿਤ ਕਰਨਾ ਦਸਿਆ। ਆਸਾ ਦੀ ਵਾਰ ਵਿਚ ਆਦਰਸ਼ਕ ਗ੍ਰਿਹਸਤੀ ਬਾਰੇ ਇਉਂ ਦਸਿਆ ਹੈ :—

ਸੇਵ ਕੀਤੀ ਸੰਤੋਖਈ, ਜਿਨੀ ਸਚੋ ਸੱਚ ਧਿਆਇਆ ॥
ਓਨੀ ਮੰਦੈ ਪੈਰ ਨ ਰਖਿਓ, ਕਰਿ ਸੁਕ੍ਰਿਤ ਧਰਮ ਕਮਾਇਆ ॥
ਓਨੀ ਦੁਨੀਆ ਤੋੜੇ ਬੰਧਨਾ, ਅੰਨੁ ਪਾਨੀ ਥੋੜਾ ਖਾਇਆ ॥
ਤੂੰ ਬਖਸੀਸੀ ਅਗਲਾ, ਨਿਤ ਦੇਵਹਿ ਚੜ੍ਹਹਿ, ਸਵਾਇਆ ॥
ਵਡਿਆਈ ਵਡਾ ਪਾਇਆ ॥

ਗੁਰੂ ਨਾਨਕ ਪਿਤਾ ਦਾ ਸੰਦੇਸ਼ ਹੈ ਕਿ ਉਦਮ ਭਾਵੇਂ ਅਸੀਂ ਕਰਨਾ ਹੈ, ਪਰ ਉਦਮ ਨੂੰ ਫਲ ਲਾਉਣ ਵਾਲਾ ਉਹ ਕਰਤਾਰ ਹੈ। ਜਨਮਸਾਖੀ ਵਿਚ ਲਿਖਿਆ ਹੈ ਕਿ ਜਦ ਜੈ ਰਾਮ ਜੀ ਗੁਰੂ ਨਾਨਕ ਜੀ ਨੂੰ ਮੋਦੀ ਦੀ ਨੌਕਰੀ ਕਰਨ ਲਈ ਦੌਲਤ ਖਾਨ ਕੋਲ ਸੁਲਤਾਨਪੁਰ ਲੈ ਆਏ ਤਾਂ ਦੌਲਤ ਖਾਨ ਨੇ ਨਿਰਛਲ ਤੇ ਨਿਰਕਪਟ ਚਿਹਰਾ ਦੇਖ ਕੇ ਕਿਹਾ ਇਹ ਤਾਂ ਕੋਈ ਔਲੀਆ ਹੈ, ਈਂ ਮਰਦ ਖੁਦਾਈ ਸੂਰਤ ਨਜ਼ਰਿ ਆਵਤਾ ਹੈ, ਮੋਦੀ ਦਾ ਕੰਮ ਕਿਸ ਤਰ੍ਹਾਂ ਨਿਭਾਹੇਗਾ। ਗੁਰੂ ਨਾਨਕ ਜੀ ਨੇ ਫੁਰਮਾਇਆ, "ਸਭ ਕੰਮ ਕਰਤਾਰ ਦੇ ਹਥ ਹਨ, ਆਦਮੀ ਦਾ ਉਦਮ ਉਹ ਹੀ ਸਫਲ ਕਰਨ ਵਾਲਾ ਹੈ।"

ਗ੍ਰਿਹਸਤੀ ਲਈ ਲਾਲਚ ਤੋਂ ਰਹਿਤ ਹੋਣਾ ਭੀ ਜ਼ਰੂਰੀ ਹੈ। ਭਾਵੇਂ ਸੁਕ੍ਰਿਤ ਭਾਵੇਂ ਮਾਇਆ ਬਹੁਤੀ ਵੀ ਕਮਾਈ ਜਾਵੇ ਪਰ ਲੋਭ ਦੇ ਅਧੀਨ ਕੰਜੂਸ ਹੋਣਾ ਤੇ ਹਰ ਵੇਲੇ ਮਾਇਆ ਦੀ ਸੋਚ ਵਿਚ ਰਹਿਣਾ ਚੰਗਾ ਨਹੀਂ। ਦਸਵੰਧ ਆਦਿ ਰਾਹੀਂ ਵਾਧੂ ਮਾਇਆ ਨੂੰ ਵੰਡ ਛਕਣਾ ਗੁਰਸਿਖਾਂ ਲਈ ਭਲੀ ਕਾਰ ਹੈ।

ਮੋਦੀ ਖਾਨੇ ਦੀ ਨੌਕਰੀ ਕਰਦਿਆਂ ਹੋਇਆਂ ਜਦ ਗੁਰੂ ਨਾਨਕ ਪਿਤਾ ਜੀ ਦੀ ਸੋਭਾ ਸਾਰੇ ਪਾਸੇ ਫੈਲ ਗਈ ਤਾਂ ਆਪ ਦੇ ਪਿਤਾ ਮਹਿਤਾ ਕਾਲੂ ਜੀ ਉਨ੍ਹਾਂ ਪਾਸ ਆਏ। ਉਨ੍ਹਾਂ ਆਉਂਦਿਆਂ ਹੀ ਪੁਛਿਆ "ਕੁਝ ਜੋੜਿਆ ਵੀ ਹੈ ਜਾਂ ਨਹੀਂ ?" ਮਹਾਰਾਜ ਨੇ ਫੁਰਮਾਇਆ "ਪਿਤਾ ਜੀ ਹੱਥ ਵਿਚ ਮਾਇਆ ਨਹੀਂ ਟਿਕਦੀ ਇਧਰੋਂ ਆਉਂਦੀ ਹੈ. ਉਧਰ ਚਲੀ ਜਾਂਦੀ ਹੈ। '

ਇਉਂ ਬਾਬੇ ਨੇ ਲੋਭ ਰਹਿਤ ਹੋ ਮਾਇਆ ਨੂੰ ਵੰਡ ਛਕਣ ਦਾ ਸੰਦੇਸ਼ ਗ੍ਰਿਹਸਤੀ ਨੂੰ ਦਿਤਾ।

ਆਮ ਗ੍ਰਿਹਸਤੀ ਖਾਣ ਪੀਣ ਦੇ ਸੁਆਦਾਂ ਦੇ ਗੁਲਾਮ ਹੁੰਦੇ ਹਨ। ਆਮ ਦੇਖਣ ਵਿਚ ਆਉਂਦਾ ਹੈ ਕਿ ਬਹੁਤੇ ਲੋਕਾਂ ਦਾ ਖਾਣ ਪੀਣ ਦਾ ਕੋਈ ਸਮਾਂ ਨੀਅਤ ਨਹੀਂ ਹੁੰਦਾ। ਜਿਥੇ ਉਹ ਸੁਆਦ ਦੇ ਅਧੀਨ ਕਈ ਤਰ੍ਹਾਂ ਦੇ ਪਦਾਰਥ ਖਾਂਦੇ ਹਨ, ਉਥੇ ਨਾਲ ਹੀ ਸੁਸਾਇਟੀ ਲਈ ਜਾਂ ਜੀਭਾਂ ਦੇ ਸੁਆਦ ਲਈ ਬਾਰ ਬਾਰ ਖਾਂਦੇ ਹਨ।

ਜਿਥੇ ਬਾਬੇ ਦਾ ਧਰਮ ਖਾਂਦੇ,ਪੀਂਦੇ, ਹੱਸਦੇ ਖੇਡਦੇ, ਸੌਂਦੇ ਜਾਗਦੇ, ਜਪਦੇ ਜਪਾਉਂਦੇ ਮੁਕਤੀ ਦਾ ਰਾਹ ਦਸਦਾ ਹੈ. ਉਥੇ ਨਾਲ ਹੀ ਥੋੜਾ ਖਾਣ ਅਤੇ ਥੋੜਾ ਸੌਣ ਦਾ ਉਪਦੇਸ਼ ਦੇ ਕੇ ਪਿਆਰੇ ਪ੍ਰਭੂ ਨੂੰ ਮਨ ਵਿਚ ਵਸਾਉਣ ਦਾ ਸੁਨੇਹਾ ਵੀ ਦਿੰਦਾ ਹੈ।



www.AKJ.Org

ਆਮ ਕਰਕੇ ਸਾਡਾ ਆਲਾ ਦੁਆਲਾ ਵਿਸ਼ੇ-ਵਿਕਾਰ ਦੀ ਅਗਨੀ ਨਾਲ ਸੜ ਰਿਹਾ ਹੈ। ਅਨੇਕਾਂ ਤਰ੍ਹਾਂ ਦੇ ਗਾਣੇ ਤੇ ਸਿਨਮੇਂ ਸਾਨੂੰ ਨੀਵੇਂ ਪਾਸੇ ਖਿਚਦੇ ਹਨ। ਕਾਮ ਕ੍ਰੋਧ ਦੀ ਅਗਨੀ ਸਾਨੂੰ ਸਤਾਉਂਦੀ ਹੀ ਰਹਿੰਦੀ ਹੈ। ਬਾਬੇ ਨਾਨਕ ਨੇ ਭਾਵੇਂ ਤਿਆਗ ਦੇ ਮਾਰਗ ਨੂੰ ਨਿੰਦਿਆ ਹੈ, ਪਰ ਗ੍ਰਿਹਸਤ ਵਿਚ ਰਹਿੰਦਿਆਂ ਹੋਇਆਂ ਕਾਮ ਕਰੋਧ ਦੇ ਮਾਰੂ ਅਸਰਾਂ ਤੋਂ ਬਚਣ ਦੀ ਤਾੜਨਾ ਇਸ ਗੁਰਵਾਕ ਰਾਹੀਂ ਕੀਤੀ ਹੈ :—

ਕਾਮ ਕਰੋਧ ਕਾਇਆ ਕਉ ਗਾਲੈ
ਜਿਉ ਕੰਚਨ ਸੋਹਾਗਾ ਢਾਲੈ ॥

ਆਮ ਵੇਖਣ ਵਿਚ ਆਉਂਦਾ ਹੈ ਕਿ ਕਾਮ ਕਰੋਧ ਲੋਭ ਮੋਹ ਹੰਕਾਰ ਉਸ ਗ੍ਰਿਹਸਤੀ ਦੇ ਜੀਵਨ ਵਿਚ ਹੀ ਉਲਾਰ ਲਿਆਉਂਦੇ ਹਨ, ਜਿਸ ਦੀ ਜ਼ਬਾਨ ਵੱਸ ਵਿਚ ਨਹੀਂ ਹੁੰਦੀ। ਖਾਣ ਪੀਣ ਦਾ ਸਿਧਾ ਸੰਬੰਧ ਸਾਡੀ ਮਾਨਸਕ ਅਵੱਸਥਾ ਨਾਲ ਹੁੰਦਾ ਹੈ ਕਿਉਂਕਿ ਪੰਜਾਬੀ ਅਖਾਣ ਵੀ ਹੈ :—

ਜੇਹਾ ਅੰਨ, ਤੇਹਾ ਮਨ ॥

ਇਸ ਲਈ ਖਾਣ ਪੀਣ ਵਿਚ ਸੰਜਮੀ ਬਣੇ ਰਹਿਣਾ ਬਾਬੇ ਨੇ ਜ਼ਰੂਰੀ ਦਸਿਆ ਹੈ। ਜਿਥੇ ਬਹੁਤੇ ਖਾਣ ਨੂੰ ਇਹ ਕਹਿਕੇ—

ਫਿਟ ਇਵੇਹਾ ਜੀਵਿਆ, ਜਿਤੁ ਖਾਇ ਵਧਾਇਆ ਪੇਟੁ ॥

ਨਿੰਦਦੇ ਹਨ ਉਥੇ ਨਾਲ ਹੀ ਗਲਤ ਖੁਰਾਕ ਅਤੇ ਤਮੋਗੁਣੀ ਖੁਰਾਕ ਖਾਣ ਤੋਂ ਵਰਜਿਆ ਹੈ ਆਪ ਦਾ ਹੁਕਮ ਹੈ—

ਬਾਬਾ ਹੋਰ ਖਾਣਾ ਖੁਸੀ ਖੁਆਰ ॥
ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ ॥

ਬਾਬੇ ਨਾਨਕ ਦਾ ਸੁਨੇਹਾ ਹੈ ਕਿ ਜੀਊਣ ਲਈ ਖਾਧਾ ਜਾਏ ਨਾ ਕਿ ਖਾਣ ਲਈ ਜੀਵਿਆ ਜਾਏ। ਜ਼ਬਾਨ ਦੇ ਰਸਾਂ-ਕਸਾਂ ਵਿਚ ਪੈ ਕੇ ਹਰ ਚੀਜ਼ ਖਾਈ ਪੀਈ ਜਾਣੀ ਜਾਂ ਮੁੜ ਮੁੜ ਬੇਵਕਤਾ ਖਾਂਦੇ ਪੀਂਦੇ ਰਹਿਣਾ ਜੀਵਨ ਦੇ ਅਸਲ ਨਿਸ਼ਾਨੇ ਤੋਂ ਖੁੰਝਣਾ ਹੈ ਤੇ ਜੀਵਨ ਬਿਅਰਥ ਗੁਆਉਣਾ ਹੈ।

ਕਲਜੁਗ ਦੇ ਅਸਰ ਕਰਕੇ ਅਤੇ ਧਾਰਮਕ ਆਗੂਆਂ ਦੇ ਗਲਤ ਪਰਚਾਰ ਕਰਕੇ ਇਹ ਗੱਲ ਆਮ ਵੇਖਣ ਵਿਚ ਆਉਂਦੀ ਹੈ ਕਿ ਅਗਿਆਨਤਾ ਵਿਚ ਗੁਸੇ ਹੋਏ ਗ੍ਰਿਹਸਤੀ ਲੋਕ ਕੱਚੇ ਪਿੱਲੇ ਗੁਰੂਆਂ ਦੇ ਮਗਰ ਲਗ ਜਾਂਦੇ ਹਨ। ਕੋਈ ਥੋੜੀ ਸਮਝ ਵਾਲੇ ਲੋਕ ਦੁੱਧ ਪੁਤ ਦੀ ਮੰਗ ਪੂਰੀ ਕਰਨ ਲਈ ਮੜ੍ਹੀਆਂ ਮਸਾਣਾਂ ਤੇ ਹੋਰ ਪਖੰਡੀ ਸਾਧੂਆਂ ਨੂੰ ਪੂਜਦੇ ਹਨ। ਬਾਣੀ ਦੇ ਬੋਹਿਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਹੀਂ ਵਿਚਾਰਦੇ, ਸਗੋਂ ਮਾਇਆ ਦੇ ਭੁੱਖੇ ਤੇ ਸੁਆਰਥੀ ਕਲਜੁਗੀ ਸਾਧੂਆਂ ਪਿਛੇ ਤੁਰੇ ਫਿਰਦੇ ਹਨ। ਪਰ ਗੁਰੂ ਨਾਨਕ ਪਾਤਸ਼ਾਹ ਨੇ ਡੰਕੇ ਦੀ ਚੋਟ ਨਾਲ ਸਾਨੂੰ ਚੇਤਾਵਨੀ ਕਰਵਾਈ ਹੈ ਕਿ ਕੱਚੇ ਗੁਰੂਆਂ ਦੇ ਮਗਰ ਲਗਣ ਨਾਲ ਕਦੀ ਮੁਕਤੀ ਨਹੀ ਮਿਲ ਸਕਦੀ। ਸਤਿਗੁਰੂ ਜੀ ਦੇ ਹੁਕਮਾਂ ਨੂੰ ਅਮਲੀ ਜੀਵਨ ਵਿਚ ਲਿਆਕੇ ਸੱਚੇ ਪ੍ਰਭੂ ਦਾ ਨਾਮ ਜਪਣ ਨਾਲ ਹੀ ਜੀਵਨ ਮਕਤ ਹੋ ਸਕੀਦਾ ਹੈ। ਕੇਹੇ ਵਿਸ਼ਵਾਸ਼ ਤੇ ਉੱਚੀ ਗਰਜ ਨਾਲ ਆਪ ਜੀ ਨੇ ਸਾਨੂੰ ਸੰਸਾਰੀਆਂ ਨੂੰ ਸੁਣਾਇਆ—

ਬਿਨੁ ਸਤਿਗੁਰ ਕਿਨੈ ਨਾ ਪਾਇਆ,
ਬਿਨੁ ਸਤਿਗੁਰ ਕਿਨੈ ਨਾ ਪਾਇਆ ॥
ਸਤਿਗੁਰ ਵਿਚ ਆਪ ਰਖਓਨ,
ਕਰਿ ਪ੍ਰਗਟ ਆਖਿ ਸੁਣਾਇਆ ॥
ਸਤਿਗੁਰ ਮਿਲਿਐ ਸਦਾ ਮੁਕਤ ਹੈ,
ਜਿਨਿ ਵਿਚਹੁ ਮੋਹ ਚੁਕਾਇਆ ॥
ਉਤਮ ਏਹੁ ਬੀਚਾਰ ਹੈ,
ਜਿਨਿ ਸਚੇ ਸਿਉ ਚਿਤੁ ਲਾਇਆ ॥
ਜਗ ਜੀਵਨੁ ਦਾਤਾ ਪਾਇਆ ॥ (ਆਸਾ ਦੀ ਵਾਰ)

ਬਾਬੇ ਨਾਨਕ ਨੇ ਜਿੱਥੇ ਗ੍ਰਿਹਸਤੀਆਂ ਨੂੰ ਨਾਮ ਜਪਣ ਦਾ ਉਪਦੇਸ਼ ਦਿੱਤਾ, ਉਥੇ ਨਾਲ ਹੀ ਹੋਰਨਾਂ ਨੂੰ ਨਾਮ ਜਪਾਉਣ ਦਾ ਉਪਦੇਸ਼ ਦਿੱਤਾ। ਜਿਵੇਂ ਬਾਬੇ ਨਾਨਕ ਨੇ ਗ੍ਰਿਹਸਤੀ ਹੁੰਦੇ ਹੋਏ ਘਰੋਗੀ ਮੋਹ ਤੋਂ ਉਚੇ ਉਠਕੇ ਸੱਚੇ ਨਾਮ ਦਾ ਡੰਕਾ ਵਜਾਇਆ, ਤਿਵੇਂ ਹੀ ਸਾਨੂੰ ਵੀ ਗ੍ਰਿਹਸਤੀ ਹੁੰਦੇ ਹੋਏ, ਆਪਣੇ ਅਮਲੀ ਜੀਵਨ ਰਾਹੀਂ ਗੁਰਮਤਿ ਗਾਡੀ ਰਾਹ ਦਾ ਪਰਚਾਰ ਕਰਨਾ ਚਾਹੀਦਾ ਹੈ। ਗੁਰੂ ਨਾਨਕ ਦਾ ਸਿਖ ਆਪ ਤਰਦਾ ਹੈ। ਅਤੇ ਹੋਰਨਾਂ ਨੂੰ ਭਵਸਾਗਰ ਤੋਂ ਤਰਨ ਦਾ ਰਾਹ



www.AKJ.Org

ਦਸਦਾ ਹੈ । ਗੁਰੂ ਨਾਨਕ ਪਿਤਾ ਜੀ ਨੇ ਗੁਰਮੁਖ ਗ੍ਰਿਹਸਤੀ ਬਣਕੇ ਆਸ਼ਾਵਾਦੀ ਬਣੇ ਰਹਿਣ ਦਾ ਸੰਦੇਸ਼ ਦਿਤਾ ਹੈ । ਮਨੁੱਖਾ ਜਨਮ ਦੁਰਲਭ ਹੈ ਪਰ ਇਹਦੀ ਯਾਤਰਾ ਤਾਂ ਹੀ ਸਫਲ ਹੈ ਜੇ ਤਨ ਮਨ ਧਨ ਗੁਰੂ ਹੁਕਮਾਂ ਅਧੀਨ ਵਰਤ ਕੇ ਸੰਸਾਰ ਵਿਚ ਵਿਚਰਿਆ ਜਾਵੇ । ਆਪ ਜੀ ਨੇ ਕੇਹੀ ਸੋਹਣੀ ਪ੍ਰੇਰਨਾ ਦਿਤੀ ਹੈ :—

ਮਾਣਸ ਜਨਮੁ ਦੁਲੰਭ, ਗੁਰਮੁਖ ਪਾਇਆ ॥
ਮਨ ਤਨ ਹੋਇ ਦੁਲੰਭ, ਜੇ ਸਤਿਗੁਰ ਭਾਇਆ ॥

ਭਾਵੇਂ ਗ੍ਰਿਹਸਤੀ ਬਣਕੇ ਅਤੇ ਦੁਨੀਆਂ ਵਿਚ ਰਹਿ ਕੇ ਸੱਚ ਬੋਲਣਾ, ਸੱਚ ਕਮਾਉਣਾ ਬੜੀ ਔਖੀ ਘਾਲ ਹੈ । ਪਰ ਬਾਬਾ ਜੀ ਨੇ ਇਹ ਗੱਲ ਮੁੜ ਮੁੜ ਦੁਹਰਾਈ ਹੈ ਕਿ ਪਿਆਰੇ ਸਤਿਗੁਰੂ ਜੀ ਦੇ ਉਪਦੇਸ਼ ਰਾਹੀਂ ਸੱਚੇ ਨਾਮ ਨੂੰ ਹਿਰਦੇ ਵਿਚ ਵਸਾਉਣ ਦੀ ਲੋੜ ਹੈ—

ਸੱਚੁ ਤਾ ਪਰ ਜਾਣੀਐ, ਜਾ ਰਿਦੈ ਸਚਾ ਹੋਇ ॥
ਸੱਚੁ ਤਾ ਪਰ ਜਾਣੀਐ, ਜਾ ਸਿੱਖ ਸੱਚੀ ਲੇਇ ॥
ਸੱਚੁ ਤਾ ਪਰ ਜਾਣੀਐ, ਜਾ ਸਚਿ ਧਰੇ ਪਿਆਰ ॥

ਸੱਚੇ ਨਾਮ ਰਾਹੀਂ ਹਿਰਦੇ ਵਿਚ ਨਾਮ ਵਸਾਉਣ ਦੀ ਤਾਂ ਹੀ ਮੁੜ ਮੁੜ ਪ੍ਰੇਰਨਾ ਦਿਤੀ ਹੈ, ਕਿਉਂਕਿ ਮਨੁਖੀ ਹਿਰਦਾ ਹੀ ਇਕ ਐਸੀ ਉਪਜਾਊ ਧਰਤੀ ਹੈ ਜਿਥੇ ਸਚੁ ਦਾ ਬੀਜ ਬੀਜਿਆਂ ਸੱਚ ਉਗਣ ਦੀ ਛੇਤੀ ਆਸ ਹੋ ਸਕਦੀ ਹੈ ਅਤੇ ਸੱਚੇ ਨਾਮ ਦਾ ਉਗਿਆ ਬੀਜ ਸਾਡੀ ਲੋਕ ਪ੍ਰਲੋਕ ਵਿਚ ਸਹਾਇਤਾ ਕਰਦਾ ਹੈ :—

ਸਚੁ ਬੀਜੈ ਸਚੁ ਉਗਵੈ, ਦਰਗਹ ਪਾਈਐ ਥਾਉ ॥

ਆਮ ਦੇਖਣ ਵਿਚ ਆਉਂਦਾ ਹੈ ਕਿ ਗ੍ਰਿਹਸਤੀ ਲੋਕ-ਲਾਜ ਦੇ ਬੰਧਨਾ ਤੋਂ ਕਦੀ ਮੁਕਤ ਨਹੀਂ ਹੁੰਦੇ । ਸਮਾਜਕ ਜੀਵਨ ਦੇ ਛੋਟੇ ਛੋਟੇ ਬੰਧਨ ਤੇ ਡਰ ਸਾਨੂੰ ਗ੍ਰਿਹਸਤੀਆਂ ਨੂੰ ਨਿਰਭਉ ਨਹੀਂ ਹੋਣ ਦਿੰਦੇ । ਪਰ ਬਾਬੇ ਨਾਨਕ ਨੇ ਸਾਨੂੰ ਅਜਿਹੇ ਡਰਾਂ ਤੋਂ ਮੁਕਤ ਕੀਤਾ ਹੈ । ਜਿੱਥੇ ਮੂਲਮੰਤਰ ਵਿਚ ਅਕਾਲ ਪੁਰਖ ਦੇ ਗੁਣ ਸਤ, ਕਰਣਹਾਰ, ਨਿਰਭਉ, ਨਿਰਵੈਰ, ਦ੍ਰਿੜ ਕਰਾਕੇ ਸਾਨੂੰ ਅਕਾਲ ਦੇ ਪੁਜਾਰੀ ਬਣਾਉਣ ਦਾ ਯਤਨ ਕੀਤਾ ਹੈ, ਉਥੇ ਨਾਲ ਹੀ ਸਦਾ ਹੀ ਅਕਾਲਪੁਰਖ ਦੇ ਭੈ ਵਿਚ ਜੀਵਨ ਦਾ ਸੁਝਾਉ ਦਿਤਾ ਹੈ । ਗੁਰਦੇਵ ਜੀ ਨੇ ਬਾਰ ਬਾਰ ਕੁਕਰਮਾਂ (ਕੁਰਹਿਤਾ) ਤੋਂ ਬਚਣ ਦਾ ਉਪਦੇਸ਼ ਦਿਤਾ ਹੈ । ਇਨ੍ਹਾਂ ਪਾਪਾਂ ਤੋਂ ਬਚਣਾ ਤੇ ਸੱਚੇ ਨਾਮ ਨੂੰ ਸੁਆਸ ਸੁਆਸ ਚਿਤਾਰਨਾਂ ਹੀ ਭੈ ਵਿਚ ਰਹਿਣਾ ਦਸਿਆ ਹੈ । ਗੁਰੂ ਜੀ ਦਾ ਸੁਨੇਹਾ ਹੈ ਕਿ ਉਹ ਜੀਵ ਕਦੀ ਨਿਰਭਉ ਨਹੀਂ ਹੋ ਸਕਦਾ ਜੋ ਪਾਪਾਂ ਤੋਂ ਬਚ ਕੇ ਸੱਚੇ ਨਾਮ ਨੂੰ ਹਿਰਦੇ ਵਿਚ ਨਹੀਂ ਵਸਾਉਂਦਾ । ਆਪ ਜੀ ਨੇ ਸਪਸ਼ਟ ਕਿਹਾ ਹੈ—

ਮਨ ਰੇ ਸਚੁ ਮਿਲੈ, ਭਉ ਜਾਇ ॥
ਭੈ ਬਿਨੁ ਨਿਰਭਉ ਕਿਉ ਥੀਐ ਗੁਰਮਖਿ ਸ਼ਬਦਿ ਸਮਾਇ ।

ਗੁਰੂ ਜੀ ਦੀ ਦ੍ਰਿਸ਼ਟੀ ਵਿਚ ਇਸ ਨਿਰਭਉ ਅਵਸਥਾ ਨੂੰ ਜੀਵਨ ਅਮਲ ਵਿਚ ਲਿਆ ਸਕਣਾ ਹੀ ਸੱਚ ਦੀ ਬੇੜੀ ਵਿਚ ਚੜ੍ਹਨਾ ਹੈ ।

(ਚਲਦਾ)

## ਸ਼ੋਕ ਸਮਾਚਾਰ

ਬੜੇ ਦੁਖਿਤ ਹਿਰਦੇ ਨਾਲ ਇਹ ਖ਼ਬਰ ਦਿਤੀ ਜਾ ਰਹੀ ਹੈ ਕਿ ਸਿੰਘ ਬ੍ਰਦਰਜ਼ ਮਾਈ ਸੇਵਾਂ, ਅੰਮ੍ਰਿਤਸਰ ਦੇ ਮਾਲਕ ਸ: ਸੇਵਾ ਸਿੰਘ ਜੀ ਦੀ ਸੁਪਤਨੀ ਸ੍ਰੀ ਮਤੀ ਪ੍ਰੇਮ ਕੌਰ ਜੀ ਅਕਾਲ ਪੁਰਖ ਦੀ ਰਜ਼ਾ ਅਨੁਸਾਰ 24-9-71 ਸ਼ੁਕਰਵਾਰ ਸ਼ਾਮ ਨੂੰ ਗੁਰਪੁਰੀ ਸਿਧਾਰ ਗਏ ਹਨ । ਸਾਡੀ ਗੁਰੂ ਮਹਾਰਾਜ ਅਗੇ ਅਰਦਾਸ ਹੈ ਕਿ ਵਾਹਿਗੁਰੂ ਵਿਛੜੀ ਹੋਈ ਆਤਮਾ ਨੂੰ ਗੁਰੂ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿਛੇ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ ।

[ਸੰਪਾਦਕ]



www.AKJ.Org

# ਜਗਤ ਗੁਰੂ, ਗੁਰੂ ਨਾਨਕ ਦੀ ਦੇਣ

( ਵਲੋਂ :—ਪ੍ਰਿੰ: ਮਿਹਰ ਸਿੰਘ ਜੀ ਡੇਹਰਾਦੂਨ )

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾਂ,
ਮੇਰੇ ਸਾਹਿਬ ਗੁਣੀ ਨਿਧਾਨਾ ॥

ਵਾਹ ! ਵਾਹ !! ਗੁਰੂ ਨਾਨਕ ਦੇਵ ਜੀ, ਜਿਨ੍ਹਾਂ ਦਾ ਨਾਮ ਲੈਣ ਤੇ ਹਿਰਦੇਸ਼ਾਂਤ, ਕਲੇਜੇ ਠੰਡ, ਜਨਮ ਮਰਨ ਦੀ ਫਾਹੀ ਦੂਰ ਤੇ ਸਦਾ ਲਈ ਮਨੁਖ ਆਪਣੇ ਨਿਜ-ਧਾਮ ਤੇ ਪਹੁੰਚਦਾ ਹੈ। ਆਪ ਦੇ ਗੁਣ ਤੇ ਉਪਕਾਰਾਂ ਦਾ ਵਰਣਨ ਇਸ ਇਨਸਾਨੀ ਜ਼ਬਾਨ, ਦਿਮਾਗ ਤੇ ਕਲਮ ਦੀ ਸ਼ਕਤੀ ਤੋਂ ਬਾਹਰ ਹੈ। ਗੁਰੂ ਜੀ ਮਹਾਰਾਜ ਸਾਖਸ਼ਾਤ ਅਕਾਲ ਪੁਰਖ ਦਾ ਰੂਪ ਸਨ ਯਾ ਇੰਝ ਕਹਿ ਲਵੋ ਕਿ ਅਕਾਲ ਪੁਰਖ ਨੇ ਨਰ-ਨਰਾਇਣ ਰੂਪ ਧਾਰ ਜਗਤ ਵਿਚ ਮਨੁਖ ਜਾਤੀ ਦੇ ਸੁਧਾਰ ਹਿਤ ਪ੍ਰਵੇਸ਼ ਕੀਤਾ। "ਆਪ ਨਾਰਾਇਣ ਕਲਾ ਧਾਰ ਜਗ ਮਹਿ ਪ੍ਰਵਰਿਓ" ਦੇ ਮੁਤਾਬਿਕ ਦਇਆ ਕਰਕੇ ਮਾਨਵ-ਸਮਾਜ ਹਿਤ ਸੰਸਾਰ ਵਿਚ ਪ੍ਰਕਾਸ਼ ਮਾਨ ਹੋਇ। "ਜੋਤਿ ਰੂਪ ਹਰਿ ਆਪ ਗੁਰ ਨਾਨਕ ਕਹਾਇਓ" ਅਨੁਸਾਰ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਉਪਕਾਰਾਂ ਤੇ ਉਨ੍ਹਾਂ ਦੀ ਜਗਤ ਨੂੰ ਦੇਣ ਦਾ ਵਰਣਨ ਬਹੁ-ਪਖੀ ਹੋਣ ਕਰਕੇ ਮਨੁਖ ਦੀ ਸ਼ਕਤੀ ਤੋਂ ਬਾਹਰ ਹੈ। ਐਸੇ ਸਮੁੰਦਰ-ਰੂਪੀ "ਬ੍ਰਹਮ ਸਾਗਰਾ, ਰਤਨਾਗਰਾ" ਦਾ ਕੁਝ ਕੁ ਜ਼ਿਕਰ ਮਨੁਖ ਕੇਵਲ ਸ਼ੁਕਰਾਨੇ ਦੇ ਦ੍ਰਿਸ਼ਟੀਕੋਣ ਨਾਲ ਹੀ ਕਰ ਸਕੇਗਾ। ਇਸ ਸਮੇਂ ਕੇਵਲ ਸਮਾਜਕ ਤੇ ਕੁਝ ਕੁ ਆਤਮਕ ਪੱਖ ਦਾ ਵਰਣਨ ਹੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਜਦੋਂ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਪ੍ਰਕਾਸ਼ ਇਸ ਮਾਤ ਲੋਕ ਵਿਚ ਹੋਇਆ, ਉਸ ਸਮੇਂ ਮਾਨਵ ਸਮਾਜ ਦੀ ਹਾਲਤ ਬਹੁਤ ਖਰਾਬ ਸੀ। ਮਨੁਖ, ਮਨੁਖ ਦਾ ਵੈਰੀ ਸੀ। ਰਾਜਾ ਰਖਸ਼ਕ ਹੁੰਦੇ ਹੋਇ ਵੀ ਪਰਜਾ ਲਈ ਭਖਸ਼ਕ ਬਣੇ ਹੋਏ ਸਨ। ਕੂੜ ਦਾ ਬੋਲਬਾਲਾ ਸੀ। ਗਰੀਬ ਤੇ ਕਿਸੇ ਸ਼ਕਤੀ ਸ਼ਾਲੀ ਨੂੰ ਕਿਸੇ ਕਿਸਮ ਦਾ ਦਰਦ ਨਹੀਂ ਸੀ, ਆਪੋ ਧਾਪੀ ਦਾ ਦੌਰ ਦੌਰਾ ਹੋਣ ਕਰਕੇ ਅਗਿਆਨਤਾ ਦੇ ਅੰਧੇਰੇ ਵਿਚ ਮਾਨਵਤਾ ਦੀ ਇਜ਼ਤ ਖਤਮ ਹੋ ਚੁਕੀ ਸੀ—

ਜਦੋਂ ਕਦੀ ਵੀ ਦੁਨੀਆਂ ਤੇ ਪਾਪਾਂ ਦੀ ਜਵਾਲਾ ਤੇ ਜ਼ੁਲਮ ਦੀ ਤਲਵਾਰ ਦਾ ਜ਼ੋਰ ਹੋ ਜਾਂਦਾ ਹੈ ਉਸ ਸਮੇਂ ਆਪ ਵਾਹਿਗੁਰੂ ਨੂੰ ਮਨੁਖ ਜਾਮੇ ਵਿਚ ਆਉਣ ਦੀ ਜ਼ਰੂਰਤ ਪੈਂਦੀ ਹੈ ਤੇ ਪੈਂਦੀ ਰਹੀ ਹੈ। ਇਸ ਵਾਸਤੇ ਐਸੇ ਘੋਰ ਅੰਧਕਾਰ ਦੇ ਸਮੇਂ ਅਕਾਲ ਪੁਰਖ ਗੁਰੂ ਨਾਨਕ ਦੇ ਰੂਪ ਵਿਚ ਦੁਨਿਆਵੀ ਯਾਤਰਾ ਲਈ ਆਏ-ਜਨਤਾ ਦੇ ਸੁਧਾਰ ਹਿਤ ਜਿਨੀਆਂ ਮੁਸ਼ਕਲਾਂ, ਅੜਿਚਣਾਂ, ਕਸ਼ਟ ਜਬਰ ਤੇ ਦੁਖ ਸਿਖ ਗੁਰੂ ਸਾਹਿਬਾਨ ਨੂੰ ਨਾ ਕੇਵਲ ਪਹਿਲੇ ਜਾਮੇ ਵਿਚ ਹੀ ਪ੍ਰੰਤੂ ਦਸਾਂ ਜਾਮਿਆਂ ਵਿਚ ਸਹਿਣੇ ਪਏ ਉਨ੍ਹਾਂ ਦਾ ਇਤਿਹਾਸ ਗਵਾਹ ਹੈ। ਦੁਨੀਆਂ ਦਾਰ ਵੈਹਮਾਂ ਤੇ ਭਰਮਾਂ ਦੀ ਅੱਗ ਵਿਚ ਸੜਦੇ ਵਿਲਕਦੇ ਤੇ ਹਾਹਾਕਾਰ ਕਰਦੇ ਸਨ। ਕੋਈ ਉਨ੍ਹਾਂ ਦੇ ਜਖਮਾਂ ਤੇ ਪਟੀ ਨਹੀਂ ਸੀ ਬੰਨ੍ਹਦਾ ਸਗੋਂ ਲੂਣ ਛਿੜਕਣ ਵਾਲੇ ਬਹੁਤ ਸਨ। ਭਰਮਾਂ ਦਾ ਕਾਰਨ ਬਹੁਤ ਹਦ ਤਕ ਪੰਡਤ ਮੁਲਾਨੇ ਸਨ। ਜਿਨ੍ਹਾਂ ਦੇ ਏਚ ਪੇਚ ਕਰਮ ਕਾਂਡ ਮਾਨਵ ਜਨਤਾ ਲਈ ਪਰੇਸ਼ਾਨੀ ਸਨ। ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਜਗਤ ਨੂੰ ਨਵੀਨ ਸਿਧਾਂਤਾਂ ਦੀ ਅਨੋਖੀ ਤੇ ਸੌਖੀ ਦਾਤ ਬਖਸ਼ੀ ਉਨ੍ਹਾਂ ਵਿਚੋਂ ਕੁਝ ਕੁ ਮੁਖ ਇਹ ਹਨ :—

### ੧. "ਇਕ" ਦੀ ਪੂਜਾ

ਭਾਰਤ ਵਾਸੀ ਅਨੇਕਾਂ ਦੇਵਤਿਆਂ ਤੇ ਦੁਰਗਾਵਾਂ ਦੀ ਪੂਜਾ ਕਰਨ ਵਿਚ ਫਸੇ ਪਏ ਸਨ, ਮਨੁੱਖਾਂ ਨਾਲੋਂ ਦੇਵਤਿਆਂ ਦੀ ਗਿਣਤੀ ਬਹੁਤ ਜ਼ਿਆਦਾ ਸੀ, ਇਨ੍ਹਾਂ ਤੋਂ ਇਲਾਵਾ ਪੀਰ ਫ਼ਕੀਰ, ਮੜੀ ਮਸਾਣ ਦਰੱਖਤ, ਪੱਥਰ, ਕਬਰਾਂ ਵੀ ਮਾਨਵ ਪਜਾ ਦੇ ਕੇਂਦਰ ਸਨ। ਇਕ ਅਕਾਲ ਪੁਰਖ ਦੀ ਅਰਾਧਨਾ ਦੀ ਥਾਂ ਅਨੇਕਤਾ ਦੀ ਅਰਾਧਨਾ ਦਾ ਚੱਕਰ ਸੀ। ਗੁਰੂ ਸਹਿਬਾਨ ਤੇ ਆਪ ਸਭਨਾਂ ਥਾਵਾਂ ਤੇ ਪਹੁੰਚ ਕੇ ਦੁਨੀਆਂ ਦੇ ਖੁਦਗਰਜ਼ਾਂ ਤੋਂ ਪੱਥਰ ਖਾ ਕੇ ਸਰੀਰ ਤੇ ਜਬਰ ਸਹਿ ਕੇ ਕੇਵਲ "ਇਕੋ" ਦੀ ਪੂਜਾ ਤੇ ਜ਼ੋਰ ਦਿਤਾ। ਓਅੰਕਾਰ ਦੀ ਪੂਜਾ



www.AKJ.Org

ਹੀ ਇਕੋ ਟੀਚਾ ਦਸਿਆ, ਤੇ ਉਸਨੂੰ ਦ੍ਰਿੜ੍ਤਾ ਦੇਣ ਲਈ 'ੳ' ਨਾਲ '੧' ਲਗਾ ਕੇ ਦਸਿਆ ਕਿ ਉਹ ਮਹਾਨ ਸ਼ਕਤੀ (੧ੳ) ਇਕੋ ਹੀ ਹੈ। ਉਸਦਾ ਹੋਰ ਕੋਈ ਸਾਨੀ ਨਹੀਂ। ਉਸਦਾ ਨਾਮ ਜਪਣ ਲਈ ਦੁਨੀਆਂਦਾਰਾਂ ਨੂੰ ਉਪਦੇਸ਼ ਦਿਤਾ ਤੇ ਕਿਹਾ ਕਿ ਇਸ ਭਵ-ਸਾਗਰ ਤੋਂ ਪਾਰ ਹੋਣ ਦਾ ਇਕ ਮਾਤਰ ਤਰੀਕਾ ਇਕੋ ਵਾਹਿਗੁਰੂ ਦਾ ਨਾਮ ਜਪਣਾ ਹੀ ਹੈ ਇਸ ਨਾਲ ਹੀ ਮਨੁਖ ਦੇ ਮਨ ਤੇ ਤਨ ਨੂੰ ਆਤਮਕ ਰੰਗਣ ਚੜ੍ਹਦੀ ਹੈ "ਤੇਰਾ ਇਕੋ ਨਾਮ ਮਜੀਠੜਾ, ਰੱਤਾ ਮੇਰਾ ਚੋਲਾ, ਸਦ ਰੰਗ ਢੋਲਾ।" ਇਹ "ਇਕ ਦੀ ਪੂਜਾ" ਦਾ ਉਪਦੇਸ਼ ਹੀ ਉਸ ਸਮੇਂ ਦੇ ਮਾਨਸਕ ਰੋਗੀਆਂ ਲਈ ਉਸ ਮਹਾਨ ਵੈਦ ਵਲੋਂ ਪਹਿਲਾ ਨੁਸਖਾ ਸੀ ਜਿਸ ਨਾਲ ਦੁਨੀਆਂ ਦਾਰਾਂ ਨੂੰ "ਮਨ ਤੂੰ ਜੋਤਿ ਸਰੂਪ ਹੈ ਆਪਣਾ ਮੂਲ ਪਛਾਣੁ" ਦੀ ਪਗਡੰਡੀ ਮਿਲ ਗਈ।

੨. **"ਘਰ ਤਿਆਗ ਦੀ ਰੋਕ"** :—ਜੋਗੀਆਂ ਦੇ ਅਸਰ ਥਲੇ ਆ ਕੇ ਮਨੁਖ ਘਰ ਬਾਹਰ ਤਿਆਗ ਕੇ ਜੰਗਲਾਂ ਵਿਚ ਰਹਿਣਾ ਹੀ ਈਸ਼ਵਰ ਪ੍ਰਾਪਤੀ ਦਾ ਮੂਲ ਸਮਝਣ ਲਗ ਪਏ। ਗੁਰੂ ਸਾਹਿਬਾਨ ਨੇ "ਕਾਹੇ ਰੇ ਬਨ ਖੋਜਨ ਜਾਈ, ਸਰਬ ਨਿਵਾਸੀ ਸਦਾ ਅਲੇਪਾ, ਤੋਹੀ ਸੰਗ ਸਮਾਈ" ਦੇ ਅਨੁਸਾਰ ਲੋਕਾਂ ਨੂੰ ਦਸਿਆ ਕਿ ਪਰਮੇਸ਼ਰ ਜੰਗਲਾਂ ਵਿਚ ਨਹੀਂ ਸਭ ਥਾਂ ਹੈ, ਮਨੁਖ ਆਪਣੀ ਗ੍ਰਿਹਸਤੀ ਲਾਈਨਾਂ ਤੇ ਚਲਦਾ ਹੋਇਆ ਤੇ ਦੁਨਿਆਵੀ ਫਰਜ਼ ਅਦਾ ਕਰਦਾ ਹੋਇਆ ਵੀ ਉਸ ਦਾਤਾਰ ਨੂੰ ਪਾ ਸਕਦਾ ਹੈ।

ਜੰਗਲਾਂ ਵਿਚ ਜਾਣ ਕਰਕੇ ਤੇ ਮਨੁਖ ਨੂੰ ਦੁਨਿਆਵੀ ਤਜਰਬੇ ਨਾ ਹੋਣ ਕਰਕੇ ਮਨੁੱਖ ਨੂੰ ਗਿਰਾਵਟ ਛੇਤੀ ਆ ਜਾਂਦੀ ਹੈ ਕਿਉਂ ਜੋ ਜਦੋਂ ਵੀ ਮਨੁਖ ਨੂੰ (ਜੋਗੀ ਰੂਪ ਵਿਚ) ਕਾਮ ਯਾ ਕਰੋਧ ਦਾ ਹਮਲਾ ਹੋਇਆ ਉਸਨੇ ਆਪਣੀ ਆਤਮਕ ਪੂੰਜੀ ਸਾਰੀ ਲੁਟਾ ਦਿਤੀ ਸੋ ਹਠ-ਯੋਗ ਦਵਾਰਾ ਪਰਮਾਤਮਾ ਨਾਲ ਮੇਲ ਨਹੀਂ ਹੋ ਸਕਦਾ। ਇਸ ਲਈ ਗ੍ਰਸਤ ਨੂੰ ਛਡਣਾ ਪਾਪ ਹੈ ਕੁਰਾਹੇ ਭਟਕਣਾ ਹੈ, ਵਾਹਿਗੁਰੂ ਦੀ ਬਖਸ਼ਿਸ਼ ਤੋਂ ਦੂਰ ਜਾਣਾ ਹੈ। ਵਹਿਮ ਹੈ। ਭਰਮ ਹੈ ਤੇ ਝੂਠਾ ਖਿਆਲ ਹੈ। ਸਾਹਿਬਾਨ ਨੇ ਫੁਰਮਾਇਆ ਕਿ ਗ੍ਰਿਹਸਤ ਧਰਮ ਸਭ ਤੋਂ ਉੱਚਾ ਤੇ ਸੁੱਚਾ ਧਰਮ ਹੈ। ਇਸਦਾ ਤਿਆਗ ਮਹਾਂ ਪਾਪ ਹੈ। ਇਸ ਵਿਚ ਰਹਿ ਕੇ ਹੀ ਮਨੁਖ ਮੋਖਸ਼ ਪ੍ਰਾਪਤ ਕਰ ਸਕਦਾ ਹੈ ਇਸ ਦੀਆਂ ਔਕੜਾਂ ਤੋਂ ਡਰਨਾ ਕਾਇਰਤਾ ਹੈ। ਸੋਨਾ ਜਦ ਤਕ ਭੱਠੀ ਵਿਚ ਨਾ ਪਵੇ, ਸਾਫ ਨਹੀਂ ਹੋ ਸਕਦਾ, ਮਨੁਖ ਲਈ ਗ੍ਰਿਹਸਤ ਧਰਮ ਇਕ ਪ੍ਰੀਖਿਆ ਹੈ। ਸੋ ਜਿਥੇ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਇਕ ਦੀ ਅਰਾਧਨਾ ਦਾ ਉਪਦੇਸ਼ ਦਿਤਾ ਉਥੇ ਨਾਲ ਹੀ ਗ੍ਰਿਹਸਤੀ ਰਹਿਣ ਦਾ ਵੀ ਸੁਚਾ ਉਪਦੇਸ਼ ਦੇ ਕੇ ਮਾਨਵ ਜਾਤੀ ਦੇ ਮਨਾਂ ਨੂੰ ਟਿਕਾਉ ਵਿਚ ਲਿਆਂਦਾ। ਕੀ ਇਹ ਕੋਈ ਘਟ ਦੇਣ ਹੈ। "Peace of Mind" ਹਿਰਦੇ ਦੀ ਸ਼ਾਂਤੀ ਲਈ ਤਾਂ ਮਨੁਖ ਸਾਰੇ ਧੰਦੇ ਕਰਦਾ ਹੈ। ਜੇ ਇਹ ਹੈ ਤਾਂ ਸਭ ਕੁਝ ਹੈ, ਜੇ ਇਹ ਨਹੀਂ ਤਾਂ ਮਨੁਖ ਦਾ ਜੀਵਨ ਬੇਕਾਰ ਹੈ। ਸੋ ਗੁਰੂ ਸਹਿਬਾਨ ਤੇ ਮਾਨਵਾਂ ਦੇ ਹਿਰਦੇ ਤੇ ਟਿਕਾਉ ਲਈ ਗ੍ਰਿਹਸਤ ਧਰਮ ਦੀ ਸੁਚੱਜੇ ਰੂਪ ਤੇ ਪਾਲਨਾ ਕਰਨ ਦੀ ਸੋਹਣੀ ਸਿਖਿਆ ਦਿਤੀ।

੩. **"ਸਮਾਜ ਸੁਧਾਰ ਦੇ ਨੁਕਤੇ"** :—ਗੁਰੂ ਸਹਿ-ਬਾਨ ਨੇ ਫੁਰਮਾਇਆ ਕਿ ਜਿਸ ਵਾਤਾਵਰਨ ਵਿਚ ਮਨੁਖ ਪਲਦਾ ਹੈ, ਜਦ ਤਕ ਉਹ ਵਾਤਾਵਰਨ ਦੂਸ਼ਤ ਰਹੇਗਾ ਮਨੁਖ ਜਾਤੀ ਦੀ ਉਨਤੀ ਨਹੀਂ ਹੋ ਸਕਦੀ। ਸਭ ਤੋਂ ਪਹਿਲਾਂ ਗੁਰੂ ਸਾਹਿਬਾਨ ਨੇ ਕਿਹਾ ਕਿ ਇਸਤਰੀ ਜਾਤੀ ਦਾ ਮਾਨ ਕਰਨਾ ਹਰ ਮਨੁੱਖ ਲਈ ਜ਼ਰੂਰੀ ਹੈ। "ਸੋ ਕਿਉ ਮੰਦਾ ਆਖੀਐ ਜਿਤ ਜੰਮੇ ਰਾਜਾਨ" ਦੇ ਮੁਤਾਬਕ, ਹੇ ਦੁਨੀਆਂ ਦੇ ਲੋਕੋ ਇਸ ਨੂੰ ਸਮਝੋ ਤੇ ਗ੍ਰਹਸਤੀ ਰੱਥ ਦੇ ਦੋ ਪਹੀਏ—ਪੁਰਸ਼ ਤੇ ਇਸਤਰੀ ਹਨ। ਇਨ੍ਹਾਂ ਵਿਚ ਸਮਾਨਤਾ ਹੋਵੇ। ਇਸਤਰੀ ਨੂੰ ਦਾਸੀ ਦਾ ਰੂਪ ਨਾ ਸਮਝਿਆ ਜਾਏ ਤੇ ਨਫਰਤ ਨਾ ਕੀਤੀ ਜਾਏ। ਇਸ ਦਾ ਪ੍ਰਭਾਵ ਦੁਨੀਆਂ ਦਾਰਾਂ ਤੇ ਇਹ ਪਿਆ ਕਿ ਇਸਤਰੀ ਜਾਤੀ ਬਾਰੇ ਸਾਰੀ ਗਲਤ ਫਹਿਮੀ ਲੋਕਾਂ ਦੇ ਮਨਾਂ ਤੋਂ ਨਿਕਲ ਗਈ ਤੇ ਇਸਤ੍ਰੀ ਜਾਤੀ ਨੇ ਵੀ ਸ਼ੁਕਰਾਨੇ ਵਜੋਂ ਜਗਤ ਗੁਰੂ ਦੀ ਮਹਾਨਤਾ ਅਗੇ ਸਿਰ ਝੁਕਾਇਆ।

4. **ਧਰਮ ਦੇ ਠੇਕੇਦਾਰਾਂ ਦਾ ਸੁਧਾਰ** :—ਪੰਡਤਾਂ ਤੇ ਮੁਲਾਣਿਆਂ ਨੇ ਜਿਥੇ ਆਪਣੇ ਆਪ ਨੂੰ ਧਰਮ ਦਾ ਠੇਕੇਦਾਰ ਬਣਾ ਕੇ ਲੋਕਾਂ ਨੂੰ ਗੁਮਰਾਹ ਕੀਤਾ ਹੋਇਆ ਸੀ ਤੇ ਆਪਣਾ ਉਲੂ ਸਿੱਧਾ ਕਰਨ ਲਈ ਉਨ੍ਹਾਂ ਨੂੰ ਪੇਚੀਦਾ ਰਸਮਾਂ ਰਵਾਜਾਂ ਵਿਚ ਫਸਾਇਆ ਹੋਇਆਂ ਸੀ, ਉਥੇ ਗੁਰੂ ਸਾਹਿਬ ਨੇ ਸੁਧਾਰ ਦਾ ਬੀੜਾ ਚੁਕਿਆ। ਭਾਂਵੇਂ ਕਈ ਕਸ਼ਟ ਸਹੇ ਫੇਰ ਵੀ ਲੋਕ-ਭਲੇ ਲਈ ਆਪਣੇ ਨਿਜੀ ਕਸ਼ਟ ਦੀ ਪ੍ਰਵਾਹ ਨਾ ਕੀਤੀ। ਹਿੰਦੂਆਂ ਦੇ ਤੀਰਥ ਅਸਥਾਨਾਂ ਹਰਦਵਾਰ ਇਤ ਆਦਿ ਤੇ ਗਏ। ਮੁਸਲਮਾਨਾਂ ਦੇ ਮੱਕੇ ਵੀ ਪਹੁੰਚੇ, ਬਗ਼ਦਾਦ ਵਿਚ ਵੀ ਗਏ। ਧਰਮ ਦੇ ਠੇਕੇਦਾਰਾਂ ਨੂੰ ਬੜੇ ਪ੍ਰੇਮ ਨਾਲ ਉਪਦੇਸ ਦਿਤਾ, ਜਿਸ ਕਰਕੇ ਉਨ੍ਹਾਂ ਨੇ



www.AKJ.Org

ਸਮਝਣ ਮਗਰੋਂ ਮਾਨਵ ਜਾਤੀ ਨੂੰ ਗੁਮਰਾਹ ਕਰਨਾ ਬੰਦ ਕਰ ਦਿਤਾ ਤੇ ਬਹੁਤ ਹਦ ਤਕ ਨਿਜ-ਸੁਧਾਰ ਮਗਰੋਂ ਮਾਨਵਤਾ ਦੇ ਸੁਧਾਰ ਦੀ ਸੜਕ ਤੇ ਚਲ ਪਏ । ਇਹ ਵੀ ਇਕ ਮਹਾਨ ਦੇਣ ਸੀ ਜਿਸ ਨੇ ਝੂਠ, ਮਕਰ, ਫਰੇਬ, ਧੋਖਾ, ਬੇਇਨਸਾਫ਼ੀ ਤੇ ਜ਼ੁਲਮ ਦੀ ਨਦੀ ਵਿਚ ਰੁੜ੍ਹਦੇ ਜਾਂਦੇ ਸੰਸਾਰ ਨੂੰ ਬਚਾਇਆ ।

(5) **ਕਰਣੀ ਪਰਵਾਨ ਦਾ ਉਪਦੇਸ** :—ਜਿਥੇ ਗੁਰੂ ਸਾਹਿਬਾਨ ਨੇ ਮਾਨਵ-ਹਿਤ ਕਾਰਨ ਮਾਨਵ ਜਾਤੀ ਦੇ ਦਿਲਾਂ ਦੇ ਵਹਿਮ ਭਰਮ ਤੇ ਭੁਲੇਖੇ ਦੂਰ ਕੀਤੇ ਉਥੇ ਨਾਲ ਹੀ "ਕਰਣੀ ਪਰਵਾਨ" ਦਾ ਉਪਦੇਸ਼ ਸੋਨੇ ਤੇ ਸੁਹਾਗੇ ਵਾਲੀ ਗਲ ਸੀ । ਮਨੁਖ ਕਿੰਨਾ ਵੀ ਗਿਆਨਵਾਨ ਕਿਉਂ ਨਾ ਹੋਵੇ ਜਦ ਤਕ ਉਸ ਦਾ ਅਮਲੀ ਜੀਵਨ ਠੀਕ ਨਹੀਂ ਉਹ ਥੋਥਾ ਹੈ । ਉਸ ਦਾ ਗਿਆਨ ਉਸ ਲਈ ਘਾਤਕ ਸਾਬਤ ਹੋ ਸਕਦਾ ਹੈ । ਸੋ "One ounce of practice is better than hundred pounds of theory" ਦੇ ਮੁਤਾਬਕ ਚੰਗਾ ਅਮਲੀ ਜੀਵਨ ਹੀ ਮਨੁਖ ਲਈ ਕਲਿਆਨਕਾਰੀ ਹੈ । ਕਿਉਂ ਜੋ ਸਿਆਣਿਆਂ ਕਿਹਾ ਹੈ ਕਿ ਆਲਮ (ਗਿਆਨਵਾਨ) ਤੇ ਆਬਦ (ਪੁਰਸ਼ਾਰਥੀ) ਵਿਚ ਇਹੋ ਫ਼ਰਕ ਹੈ ਕਿ ਆਲਮ ਤੇ ਸਮੁੰਦਰ ਤੇ ਤੂਫ਼ਾਨ ਵੇਲੇ ਆਪਣੀ ਗੋਦੜੀ ਦਾ ਹੀ ਫ਼ਿਕਰ ਕਰਦਾ ਹੋਇਆ ਕੇਵਲ ਆਪਣੇ ਬਚਾਉ ਲਈ ਹੀ ਸੋਚਦਾ ਹੈ ਪਰ 'ਆਬਦ' ਇਹ ਕੋਸ਼ਸ਼ ਕਰਦਾ ਹੈ ਕਿ ਉਹ ਤੂਫ਼ਾਨ ਕਾਰਨ ਸਮੁੰਦਰ ਵਿਚ ਡੁਬਦਿਆਂ ਹੋਇਆਂ ਨੂੰ ਵੀ ਬਚਾਏ । ਸੋ ਜਿੱਥੇ ਮਨੁੱਖ ਲਈ ਗਿਆਨ ਜ਼ਰੂਰੀ ਹੈ ਉੱਥੇ ਉਸ ਲਈ ਅਮਲੀ ਜੀਵਨ ਦੀ ਸੁਧਤਾ ਵੀ ਜ਼ਰੂਰੀ ਹੈ । ਕਿਉਂ ਜੋ ਦਾਤੇ ਦੀ ਹਜ਼ੂਰੀ ਵੇਲੇ ਜ਼ਾਤ-ਪਾਤ, ਰੁਤਬਾ, ਦਰਜਾ, ਦੁਨਿਆਵੀ ਪਦਵੀਆਂ ਤੇ ਗਿਆਨ ਕੰਮ ਨਹੀਂ ਦੇਣਗੇ । ਉੱਥੇ ਤਾਂ "ਅਮਲਾਂ ਤੇ ਹੋਣਗੇ ਨੇਬੇੜੇ" ਨੂੰ ਮੁਖ ਰਖ ਕੇ ਮਨੁਖਾਂ ਦੇ ਬਾਰੇ ਫੈਸਲੇ ਹੋਣਗੇ । ਇਹ ਵੀ ਜ਼ਰੂਰੀ ਹੈ ਕਿ ਮਨੁਖ ਆਪਣੇ ਅਮਲੀ ਜੀਵਨ ਵਿਚ ਪਾਖੰਡ ਤੇ ਪਰਪੰਚੀ ਤੋਂ ਬਚਕੇ ਕਰਮ ਕਰੇ । ਨਹੀਂ ਤਾਂ ਉਹੀ ਫਾਹੀ ਉਸਦੇ ਗਲ ਵਿਚ ਪਈ ਰਹੇਗੀ ਉਧਾਰ ਨਹੀਂ ਹੋਵੇਗਾ ।

(੬) "**ਗਰੀਬੀ**" :—ਜਿਸ ਗਰੀਬੀ ਦਾ ਗੁਰੂ ਸਾਹਿਬਾਨ ਨੇ ਉਪਦੇਸ਼ ਦਿਤਾ ਉਸ ਤੋਂ ਭਾਵ ਨਿਰਧਨਤਾ (Poorly) ਨਹੀਂ ਉਸ ਤੋਂ ਭਾਵ ਨਿਮਰਤਾ ਤੇ ਸਹਿਨ ਸ਼ੀਲਤਾ ਹੈ । ਮਹਾਵਾਕ ਅਨੁਸਾਰ-"ਗਰੀਬੀ ਗਦਾ ਹਮਾਰੀ ਖਨਾ ਸਗਲ ਰੇਣ ਛਾਰੀ" ਗਰੀਬੀ ਤੋਂ ਭਾਵ "self abasement" ਤੇ rightfull submissiveness ਹੈ । ਦੁਨੀਆਂਦਾਰੀ ਦੀ ਸੱਚੀ ਸੇਵਾ ਤੋਂ ਹੈ । ਇਹ ਉਪਦੇਸ਼ ਇਕ ਬਹੁਮੁਲੀ ਢਾਲ ਸੀ ਜਿਸ ਨਾਲ ਜ਼ੁਲਮ ਦੀ ਤਲਵਾਰ ਦੀ ਧਾਰ ਖੁੰਢੀ ਹੋ ਗਈ । ਹੈਂਕੜ ਤੇ ਆਕੜ ਨੂੰ ਛੱਡਣ ਦੇ ਉਪਦੇਸ਼ ਨੇ ਵੱਡੇ ਵੱਡੇ ਫਨ੍ਹੇਖਾਨਾਂ ਨੂੰ ਸਿੱਧੇ ਰਸਤੇ ਤੇ ਚਲਾ ਦਿੱਤਾ । ਦੁਨੀਆਂ ਦੀ ਜ਼ੁਲਮ ਦੀ ਅੱਗ ਬੁਝ ਗਈ ਤੇ ਗਰੀਬ ਲੋਕਾਂ ਨੇ ਸੁਖ ਦਾ ਸਾਹ ਲਿਆ । ਗੁਰੂ ਸਾਹਿਬਾਨ ਨੇ "ਮਾਨ ਹੁੰਦੇ ਹੋਏ ਨਿਮਾਣਾ, ਤਾਣ ਹੁੰਦੇ ਹੋਏ ਨਿਤਾਣਾ" ਦੇ ਅਨੁਸਾਰ ਦੁਨੀਆਂ ਨੂੰ ਦਸਿਆ ਕਿ ਤਾਕਤ ਨੂੰ ਜਰੋ । ਦਿਲਾਂ ਵਿਚ ਗਰੀਬੀ (ਆਜ਼ਜੀ) ਰਖੋ । ਦੀਨ ਦੁਖੀ ਦੀ ਮਦਦ ਕਰੋ ਇਹ ਕੁਝ ਕਰਦਿਆ ਹੋਇਆਂ ਵੀ ਆਪ ਨਿਮਾਣੇ ਰਵੋ । ਗਰੀਬੀ ਅਪਨਾਉ, ਤਾਂ ਹੀ ਉਸ ਦੀ ਦਰਗਾਹ ਵਿਚ ਕਬੂਲੀਅਤ ਪਾਉਗੇ । ਸਿਅਣੇ ਮਨੁਖ ਕਹਿੰਦੇ ਹੁੰਦੇ ਹਨ ਕਿ ਗੁਰੂ ਸਾਹਿਬਾਨ ਨੇ ਦੁਨੀਆਂ ਦੀ ਗਰੀਬੀ (ਆਜ਼ਜ਼ੀ) ਦਾ ਦਾ ਵਡਾ ਭਾਗ ਆਪ ਆਪਣੇ ਕੋਲ ਰਖਿਆ । ਇਹੀ ਗਦਾਅ (defence instrument) ਸੀ ਜੋ ਜ਼ੁਲਮ ਅਗੇ ਠਹਿਰ ਸਕਿਆ । ਇਸ ਦਾ ਧਾਰਨੀ ਮਨੁੱਖ ਅਹੰਕਾਰ ਤੋਂ ਬਚਦਾ ਹੋਇਆ ਸਿੱਧੇ ਰਾਹ ਤੋਂ ਨਹੀਂ ਭਟਕ ਸਕਦਾ ।

(੭) "**ਸੁੱਚੀ ਕਿਰਤ ਕਮਾਈ**"—ਮਨੁੱਖ ਦੇ ਸਰੀਰ ਦਿਮਾਗ ਆਤਮਾ ਤੇ ਸਭ ਤੋਂ ਜ਼ਿਆਦਾ ਅਸਰ ਪਾਣ ਵਾਲੀ ਚੀਜ਼ ਉਸ ਦੀ ਕਮਾਈ ਦਾ ਅੰਨੁ ਹੈ ਸੁੱਚੀ ਕਮਾਈ ਦਾ ਭੋਜਨ ਮਨੁਖ ਵਿਚ ਸਦ-ਗੁਣ ਪੈਦਾ ਕਰੇਗਾ ਠੱਗੀ ਤੇ ਫਰੇਬ ਦੀ ਕਮਾਈ ਦਾ ਅੰਨੁ (ਭੋਜਨ) ਮਨੁੱਖ ਵਿਚ ਵਿਕਾਰ ਪੈਦਾ ਕਰੇਗਾ ਤੇ "ਜਿਤੁ ਖਾਧੈ ਤਨੁ ਪੀੜੀਐ, ਮਨ ਮਹਿ ਚਲਹਿ ਵਿਕਾਰ" ਅਨੁਸਾਰ ਮਨੁਖ ਦੁਖੀ ਹੋਵੇਗਾ । ਸੋ ਗੁਰੂ ਨਾਨਕ ਦੇਵ ਜੀ ਮਹਾਰਾਜ "ਆਪ ਨਾਰਾਇਣ" ਨੇ ਸੱਚੀ ਕਿਰਤ ਕਮਾਈ ਕਰਨ ਲਈ ਉਪਦੇਸ਼ ਦੇਕੇ ਦੁਨੀਆਂਦਾਰਾਂ ਦੇ ਦਿਲਾਂ ਤੇ ਦਮਾਗਾਂ ਨੂੰ ਹੋਰ ਪਾਲਸ਼ ਕਰਨ ਦਾ ਅਦੁਤੀ ਉਪਰਾਲਾ ਕੀਤਾ । ਇਸ ਵਿਚ ਇਹ ਭੇਦ ਸੀ ਕਿ ਸੁੱਚੀ ਕਮਾਈ ਨਾਲ ਸੁੱਚਾ ਤਨ, ਫੇਰ ਸੁੱਚਾ ਮਨ, ਫੇਰ ਸੁੱਚੀ ਬੁਧੀ ਫੇਰ ਸੁੱਚੀ ਆਤਮਾ ਹੁੰਦੀ ਹੈ । ਇਹ ਦਸਾਂ ਨੌਹਾਂ ਦੀ ਹਕ ਹਲਾਲ ਦੀ ਕਮਾਈ ਮਨੁਖ ਲਈ ਵਡਾ ਕੰਮ ਹੈ ਜਿਸ ਕਰਕੇ ਉਹ ਇਸ ਕਮਾਈ ਨਾਲ ਆਪਣੇ ਆਪ ਤੇ ਜ਼ੁਲਮ ਨਹੀਂ ਕਰੇਗਾ ਸਗੋਂ ਆਪਣਾ ਆਪ ਸਵਾਰ ਕੇ ਪਰਮਾਰਥ ਦੇ ਰਾਹ ਤੇ ਠੀਕ ਚਲਦਾ



www.AKJ.Org

ਰਹੇਗਾ। ਸੱਚੀ ਕਮਾਈ ਦਾ ਸਾਤਕੀ ਭੋਜਨ ਕਿਸੇ ਨੂੰ ਸੁਧ ਭਾਵਨਾ ਨਾਲ ਖੁਲਾਇਆ ਹੋਇਆ ਉਸ ਦੀ ਮਨੋਵਿਰਤੀ ਨੂੰ ਵੀ ਠੀਕ ਰਖੇਗਾ। ਫੁਰਮਾਨ ਹੈ "ਘਾਲਿ ਖਾਇ ਕਿਛੁ ਹਥਹੁ ਦੇਇ, ਨਾਨਕ ਰਾਹ ਪਛਾਣਹਿ ਸੇਇ"। ਕਿਰਤ ਕਮਾਈ (ਹਕ ਹਲਾਲ ਦੀ) ਕਰਨ ਉਪਰੰਤ ਉਸ ਵਿਚੋਂ ਜੇ ਦਾਨ ਪੁੰਨ ਵੀ ਕੀਤਾ ਜਾਏ ਤਾਂ ਮਨੁਖ ਲਈ ਪ੍ਰਮਾਰਥ ਸੁਧਾਰ ਲਈ ਅਤੀ ਹੀ ਲਾਭਦਾਈ ਹੈ। ਭਾਈ ਲਾਲੋਂ ਤੇ ਮਲਿਕ ਭਾਗੋ ਦੀ ਸਾਖੀ ਇਕ ਮਹਾਨ ਉਪਦੇਸ਼ ਹੈ।

(੮) **"ਹੁਕਮ ਰਜਾਈ ਚਲਣਾ"** :—ਗੁਰੂਨਾਨਕ ਦੇਵ ਜੀ ਨੇ ਸਮੇਂ ਸਮੇਂ ਅਨੁਸਾਰ ਅਲਗ ਅਲਗ ਮਨੁਖਾਂ ਨੂੰ ਯੋਗ ਉਪਦੇਸ਼ ਦੇ ਕੇ ਉਨ੍ਹਾਂ ਦਾ ਸੁਧਾਰ ਇਤਨਾ ਕੀਤਾ ਜਿਸ ਦੇ ਵਰਨਣ ਲਈ ਕਈ ਦਫਤਰ ਚਾਹੀਦੇ ਹਨ। ਫੇਰ ਵੀ ਮੁਖ ਉਪਦੇਸ਼ ਜੋ ਹਰ ਸਮੇਂ ਮਾਨਵ ਜਾਤੀ ਲਈ ਗੁਣਕਾਰੀ ਹਨ ਆਪਣੀ ਆਪਣੀ ਥਾਂ ਤੇ ਵਖਰਾ ਮੁਲ ਰਖਦੇ ਹਨ। ਹੁਕਮ ਰਜਾਈ ਚਲਨ ਦਾ ਉਪਦੇਸ਼ ਐਸਾ ਹੈ ਕਿ ਜਿਸ ਨਾਲ ਮਨੁਖ ਪ੍ਰਮਾਤਮਾ ਨਾਲ ਇਕ-ਸੁਰਤਾ ਰਖ ਸਕਦਾ ਹੈ। ਫੁਰਮਾਨ ਹਨ "ਹੁਕਮ ਰਜਾਈ ਚਲਣਾ, ਨਾਨਕ ਲਿਖਿਆ ਨਾਲਿ" ਤੇ "ਹੁਕਮ-ਰਜਾਈ ਜੋ ਚਲੇ ਸੋ ਪਵੈ ਖਜਾਨੇ"। ਅਕਾਲ ਪੁਰਖ ਤੇ ਉਸ ਦੇ ਨਜ਼ਾਮ ਪ੍ਰਬੰਧ ਦੀ ਪਾਲਨਾ ਹੁਕਮ ਰਜਾਈ ਚਲਣ ਵਿਚ ਹੈ। ਗੁਰਮਤਿ ਵਿਚ ਹੁਕਮੀ ਬੰਦਾ ਬਣਕੇ ਹੀ ਸਿਖ ਗੁਰ-ਉਪਦੇਸ਼ ਦੀ ਠੀਕ ਤੌਰ ਤੇ ਪਾਲਨਾ ਕਰ ਸਕਦਾ ਹੈ।

"ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਂਵਾ ਮੇਰੇ ਸਾਹਿਬ ਗੁਣੀ ਨਿਧਾਨਾ" ਨੂੰ ਫੇਰ ਯਾਦ ਕਰਦਿਆਂ ਹੋਇਆਂ ਫੇਰ ਮਨੁਖ ਦਿਮਾਗ ਇਹੋ ਹੀ ਸੋਚਦਾ ਹੈ ਕਿ ਉਸ ਜਗਤ-ਗੁਰੂ ਦੇ ਉਪਕਾਰ ਗਿਣਨੇ ਉਸ ਦੀ ਸ਼ਕਤੀ ਤੋਂ ਬਾਹਰ ਹਨ।

ਆਓ ਹੁਣ ਸਮੁੰਦ੍ਰ ਵਿਚੋਂ ਕਤਰਾ ਕੁ ਇਸ ਬਾਰੇ ਵੀਚਾਰੀਏ ਕਿ ਸਾਹਿਬਾਨ ਨੇ ਸਾਨੂੰ ਆਤਮਕ ਰੂਪ ਤੇ ਉਨਤੀ ਕਰਨ ਬਾਰੇ ਕੀ ਸਾਧਨ ਦਸ ਕੇ ਉਪਦੇਸ਼ਿਆ ਹੈ। ਗੁਰੂ ਸਾਹਿਬਾਨ ਫ਼ਰਮਾਉਂਦੇ ਹਨ।

(੧) **" ਨਾਮ ਜਪਣਾ"** :—"ਨਾਮ ਬਿਹੂਣੇ ਆਦਮੀ, ਧ੍ਰਿਗ ਜੀਵਨ ਕਰਮ ਕਰੇਨਿ" ਨਾਮ ਜਪਣਾ ਇਕ ਐਸੀ ਕਾਰ ਹੈ ਜੋ ਸੱਚੀ ਹੈ। ਨਾਮ ਬਗੈਰ ਮਨੁਖ ਪਸ਼ੂ ਸਮਾਨ ਹੈ ਉਸ ਦਾ ਜੀਵਨ ਨੀਰਸ ਹੈ। ਮਨੁਖ ਦੇ ਇਸ ਦੁਨੀਆਂ ਵਿਚ ਆਉਣ ਦਾ ਪਹਿਲਾ ਤੇ ਮੁਖ ਫ਼ਰਜ਼ ਨਾਮ ਜਪਣਾ ਹੈ। ਨਹੀਂ ਤੇ ਮਨੁਖ ਫ਼ਰਜ਼ ਸ਼ਨਾਸ ਨਾ ਹੋਣ ਦੀ ਸਜ਼ਾ ਪਾਵੇਗਾ। ਇਹੀ ਇਕੋ ਤਰੀਕਾ ਜੋ ਮਨੁਖ ਦਾ ਵਾਹਿਗੁਰੂ ਨਾਲ ਮਿਲਾਪ ਕਰਾਉਣ ਦੀ ਸਮਰਥਾ ਰਖਦਾ ਹੈ। ਜਿਥੇ ਮਨੁਖ ਉਸ ਦਾਤੇ ਦੇ ਨਾਮ ਦੀ ਅਰਾਧਨਾ ਕਰੇ ਉਥੇ ਨਾਲ ਹੀ ਨਾਲ ਉਸ ਦੇ ਪੈਦਾ ਕੀਤੇ ਹੋਏ ਸਭਨਾਂ ਜੀਵਧਾਰੀਆਂ (ਮਨੁਖ ਤੇ ਪਸ਼ੂਆਂ ਪੰਛੀਆਂ ਇਤੀਆਦਿ) ਨਾਲ ਵੀ ਪਿਆਰ ਕਰੇ। ਕਿਉਂ ਜੋ ਜੇ ਨਾਮ ਜਪਣ ਵਾਲਾ ਉਸ ਦੀ ਕਾਇਨਾਤ (ਕੁਦਰਤ) ਵਿੱਚ ਉਸ ਦੇ ਰਚਣਹਾਰ ਦੀ ਝਲਕ ਦੇਖੇਗਾ ਤਾਂ ਹੀ ਉਸ ਨੂੰ ਰਚਨਹਾਰ ਪਿਆਰ ਕਰੇਗਾ। ਇਹ ਉਪਦੇਸ਼ ਕਰਕੇ ਗੁਰੂ ਸਾਹਿਰਾਨ ਨੇ ਮਾਨਵ ਜਾਤੀ ਅੰਦਰ (universal brotherhood) ਸਾਰਬਜਨਕ ਭਰਾਤਰੀ ਭਾਵ ਦਾ ਬੀਜ ਬੀਜਿਆ, ਜੋ ਕਿ ਸੰਸਾਰ ਲਈ ਸਭ ਤੋਂ ਵਡੀ ਦੇਣ ਸੀ।

(੨) **"ਕੀਰਤਨ ਤੇ ਸਾਧ ਸੰਗਤ"**—ਕੀਰਤਨ ਦਾ ਇਸ਼ਕ ਗੁਰੂਨਾਨਕ ਦੇਵ ਜੀ ਮਹਾਰਾਜ ਦੇ ਅੰਦਰ ਇਸ ਹਦ ਤਕ ਸੀ ਕਿ ਮਰਦਾਨਾ ਵੀ ਆਪਣੀ ਰਬਾਬ ਵਜਾਉਂਣ ਸਮੇਂ ਖੁਦ ਕੀਰਤਨ ਰੂਪ ਹੋ ਜਾਂਦਾ ਸੀ ਇਹ ਕੀਰਤਨ ਵਾਹਿਗੁਰੂ ਤੇ ਗੁਰੂ ਸਾਹਿਬ ਦਾ ਇਕ link (ਜੋੜਨਹਾਰ) ਸੀ। ਜਿਸ ਨਾਲ ਨਾਮ ਖੁਮਾਰੀ ਨਾਨਕਾ ਚੜ੍ਹੀ ਰਹੇ ਦਿਨ ਰਾਤ ਵਾਲਾ ਮਾਮਲਾ ਹਰ ਵੇਲੇ ਬਣਿਆ ਰਹਿੰਦਾ ਸੀ ਤੇ ਆਪ ਸਾਹਿਬਾਨ ਰੱਬੀ ਮਸਤੀ ਵਿਚ ਸਰਸ਼ਾਰ ਰਹਿਣ ਕਰਕੇ ਦੁਨੀਆਦਾਰਾਂ ਨੂੰ ਵੀ ਉਸ ਦਾਤੇ ਨਾਲ ਜੋੜਦੇ ਰਹਿੰਦੇ ਸੀ। ਇਸ ਕੀਰਤਨ ਨੂੰ ਗੁਰਸਿਖੀ ਅੰਦਰ ਇਕ ਮਹਾਨ ਪਦਵੀ ਪ੍ਰਾਪਤ ਹੈ। ਇਸ ਨੂੰ ਕਲਜੁਗ ਦੇ ਉਧਾਰ ਦਾ ਇਕ ਮਾਤ੍ਰ ਕਾਰਨ ਦਸਿਆ ਹੈ। ਗੁਰਵਾਕ ਗਵਾਹੀ ਦੇਂਦਾ ਹੈ "ਹਰਿ ਕੀਰਤ ਸਾਧ ਸੰਗਤ ਹੈ ਸਿਰ ਕਰਮਨ ਕੇ ਕਰਮਾ, ਕਹੁ ਨਾਨਕ ਤਿਸ ਭਯੋ ਪ੍ਰਾਪਤ ਜਿਸ ਪੂਰਬ ਲਿਖੇ ਕਾ ਲਹਿਣਾ"। ਇਸ ਨੂੰ "ਨਿਰਮੋਲਕ ਹੀਰਾ" ਕਹਿ ਕੇ ਸਤਿ ਕਾਰਿਆ ਹੈ। ਸਾਧ ਸੰਗਤਿ ਵਿਚ ਕੀਰਤਨ ਕਰਨਾ ਤੇ ਸੁਣਨਾ ਅਤੀ ਹੀ ਲਾਭਦਾਇਕ ਹੈ। ਸਾਧ ਸੰਗਤਿ ਵਿਚ ਹੀਰੇ ਮੋਤੀ ਹੁੰਦੇ ਹਨ। ਇਕ ਸਚੇ ਪਰੇਮੀ ਨੂੰ ਕਿਸੇ ਬਖਸ਼ੇ ਹੋਏ ਦੀ ਆਤਮਕ ਲਹਿਰ (current) ਛੋਹ ਦੇ ਕੇ ਨਿਹਾਲ ਕਰ ਜਾਂਦੀ ਹੈ। ਗੁਰੂ ਸਾਹਿਬਾਨ ਨੇ ਇਸ ਹਰ ਜਸ ਦਾ ਗਾਇਨ ਕੀਰਤਨ ਦੁਆਰਾ ਕਰਨ ਤੇ ਸੁਣਨ ਨੂੰ ਬਹੁਤ ਹੀ ਮਹਤਵ ਪੂਰਨ ਕਹਿਆ ਹੈ। "ਮਨ ਰੇ, ਹਰਿ ਕੀਰਤ ਤਰ ਤਾਰੀ" ਮਹਾਨ ਵਾਕ ਕੀਰਤਨ ਦੀ ਸ਼ਕਤੀ ਦਰਸਾਉਂਦਾ ਹੈ।



www.AKJ.Org

ਇਸ ਤੋਂ ਇਲਾਵਾ ਗੁਰੂ ਸਾਹਿਬਾਨ ਨੇ ਵੰਡ ਛਕਣਾ, ਗਰੀਬ ਪਰਵਰੀ ਕਰਨਾ, ਜ਼ਾਲਮ ਦੇ ਮਜ਼ਲੂਮ ਤੇ ਜ਼ੁਲਮ ਨਾ ਸਹਿਣ ਕਰਨਾ, ਹਕ ਪਰਾਇਆ ਨਾ ਖਾਣਾ, ਤੇ ਵਡਿਆਂ ਦਾ ਸਨਮਾਨ ਕਰਨਾ ਜੈਸੇ ਸਮਾਜਕ ਉਪਦੇਸ਼ ਦਿਤੇ। ਜਿਹੜੇ ਕਿ ਮਨੁਖ ਵਿਚ ਸ਼ੁਭ ਆਚਾਰ ਭਰ ਕੇ ਉਸ ਨੂੰ ਆਤਮਕ ਉਨਤੀ ਵਲ ਲੈ ਜਾਂਦੇ ਹਨ। ਆਤਮਕ ਉਨਤੀ ਲਈ ਨਾਮ ਜਪਣਾ ਕੀਰਤਨ ਕਰਨਾ ਤੇ ਸੁਣਨਾ ਗੁਰਬਾਣੀ ਦਾ ਵਿਚਾਰ ਤੇ ਪਾਠ ਕਰਨਾ ਵੀ ਫੁਰਮਾਇਆ। ਸਾਡਾ ਜੀਵਨ ਤਾਂ ਹੀ ਸੁਚਾ ਹੋ ਸਕਦਾ ਹੈ ਜੇ ਅਸੀਂ ਗੁਰੂ ਸਾਹਿਬਾਨ ਦੇ ਉਪਦੇਸ਼ਾਂ ਤੇ ਚਲੀਏ ਤੇ ਸਮੇਂ ਸਮੇਂ ਆਪਣੇ ਆਪ ਨੂੰ ਪਹਿਚਾਨੀਏ ਕਿ ਅਸੀਂ ਕਿੰਨੇ ਕੁ ਆਤਮਕ ਜੀਵਨ ਵਿਚ ਅਗੇ ਵਧ ਰਹੇ ਹਾਂ। ਜੇ ਅਸੀਂ ਗੁਰੂ ਮਹਾਰਾਜ ਦੇ ਉਪਦੇਸ਼ਾਂ ਤੇ ਚਲਾਂਗੇ ਤਾਂ ਫਿਰ ਸਾਡੇ —

"ਲੋਕ ਸੁਖੀਏ ਪ੍ਰਲੋਕ ਸੁਹੇਲੇ।
ਨਾਨਕ ਹਰਿ ਪ੍ਰਭ ਆਪੇ ਮੇਲੇ ॥

---


## ਗਿਆਨੀ ਹਰਬੰਸ ਸਿੰਘ ਚੰਡੀਗੜ੍ਹ ਰਚਿਤ ਸਟੀਕ

੧. ਚੰਡੀ ਦੀ ਵਾਰ ਨਿਰਣਯ (ਸਟੀਕ) ਮੁੱਲ ੨—50

੨. ਜਪੁ ਨਿਰਣਯ (ਸਟੀਕ) ਦੂਸਰਾ ਐਡੀਸ਼ਨ
੩. ਅਕਾਲ ਉਸਤਤਿ ਨਿਰਣਯ (ਸਟੀਕ)
੪. ਆਸਾ ਦੀ ਵਾਰ ਨਿਰਣਯ (ਸਟੀਕ)
੫. ਨਿਤਨੇਮ ਸੋਧਕ
} ਛਪਦੀਆਂ ਹਨ।

ਪੂਰੀ ਪੁਛ ਗਿੱਛ ਹੇਠ ਲਿਖੇ ਪਤੇ ਤੇ ਕਰੋ :—

**ਸੁੰਦਰ ਬੁਕ ਡਿਪੋ**

ਮਾਈ ਹੀਰਾਂ ਗੇਟ, ਜਲੰਧਰ


www.AKJ.Org

SURA | Regd. No. P 79 | JULLUNDUR

ਵਿਦਿਆ ਵਿਭਾਗ ਪੰਜਾਬ ਵਲੋਂ "ਸੂਰਾ" ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿੱਠੀ ਨੰ: 3/70-68-4 (ਅ-ਪ) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

## ਗੁਰਪੁਰਬ ਤੇ ਸੰਗਰਾਂਦ

| | |
|---|---|
| ਪਾ: ੧ ਅਵਤਾਰ ਧਾਰਿਆ ... ... ... | ੨ ਨਵੰਬਰ |
| ਸੰਗਰਾਂਦ ਮਘਰ ... ... ... | ੧੬ ਨਵੰਬਰ |
| ਪਾ: ੧੦ ਗੁਰਿਆਈ ਮਿਲੀ ... ... ... | ੨੧ ਨਵੰਬਰ |
| ਪਾ: ੯ ਜੋਤੀ ਜੋਤ ਸਮਾਏ ... — .. | ੨੩ ਨਵੰਬਰ |

www.AKJ.Org